ੴ ਸਤਿਗੁਰ ਪ੍ਰਸਾਦਿ ॥

ਸਤਿਗੁਰ ਹੋਇ ਦਿਆਲ ਤਾ ਸ਼ਰਧਾ ਪੂਰੀਐ

ਭਾਈ ਮਨੀ ਸਿੰਘ ਜੀ ਵਾਲਾ

# ਸ਼ਰਧਾ ਪੂਰਨ

## ਸ੍ਰੀ ਗੁਰੂ ਸ਼ਬਦ ਸਿਧੀ – ਸੰਕਟ ਮੋਚਨ ਸ਼ਬਦ



ਪ੍ਰਕਾਸ਼ਕ :—ਅੰਮ੍ਰਿਤ ਪੁਸਤਕ ਭੰਡਾਰ

ਬਾਜ਼ਾਰ ਮਾਈ ਸੇਵਾਂ, ਅੰਮ੍ਰਿਤਸਰ । ਭੇਟਾ 12-00

Digitized by Panjab Digital Library | www.panjabdigilib.org




Digitized by Panjab Digital Library | www.panjabdigilib.org



Digitized by Panjab Digital Library / www.panjabdigilib.org

ਸਭ ਹੱਕ ਪ੍ਰਕਾਸ਼ਕ ਦੇ ਅਧੀਨ ਹਨ ।

੧ ਓ ਸਤਿਗੁਰ ਪ੍ਰਸਾਦਿ ॥

ਸਤਿਗੁਰੁ ਹੋਇ ਦਇਆਲ ਤ ਸਰਧਾ ਪੂਰੀਐ ॥

ਭਾਈ ਮਨੀ ਸਿੰਘ ਜੀ ਵਾਲਾ

ਅਸਲੀ, ਪੁਰਾਤਨ ਤੇ ਸ਼੍ਰੋਮਣੀ

# ਸ਼ਰਧਾ ਪੂਰਨ

ਅਰਥਾਤ

## ਸ੍ਰੀ ਗੁਰੂ ਸ਼ਬਦ ਸਿਧੀ

ਤਥਾ

## ਸੰਕਟ ਮੋਚਨ ਸ਼ਬਦ

ਸੰਗ੍ਰਹਿ ਕਰਤਾ—

ਸੰਤ ਕਰਨੈਲ ਸਿੰਘ ਡੇਰਾ ਸੰਤਪੁਰਾ ਗਾਜੀਆਬਾਦ (ਯੂ. ਪੀ.)

ਪ੍ਰਕਾਸ਼ਕ—

ਅੰਮ੍ਰਿਤ ਪੁਸਤਕ ਭੰਡਾਰ

ਬਾਜ਼ਾਰ ਮਾਈ ਸੇਵਾਂ, ਅੰਮ੍ਰਿਤਸਰ

ਭੇਟਾ 10) ਰੁਪਏ

Digitized by Panjab Digital Library / www.panjabdigilib.org

੧ ੴ ਸਤਿਗੁਰ ਪ੍ਰਸਾਦਿ ॥

# ਤਤਕਰਾ

## ਸ਼ਰਧਾ ਪੂਰਨ ਅਰਥਾਤ ਸ੍ਰੀ ਗੁਰੂ ਸ਼ਬਦ ਸਿਧੀ


| ਪਉੜੀ ਨੰ: | ਮਹਾਤਮ | ਪੰਨਾ |
|---|---|---|
| ਮੂਲ ਮੰਤ੍ਰ | ਸੁਖਾਂ ਦੀ ਪ੍ਰਾਪਤੀ ਤੇ ਸਰਬ ਰੋਗਾਂ ਦੀ ਨਵਿਰਤੀ | ੧੨ |
| ਆਦਿ ਮੰਤ੍ਰ | ਧਨ ਦੀ ਪ੍ਰਾਪਤੀ ਦੇ ਘਰ ਵਿਚ ਬਰਕਤ | |
| ਪਉੜੀ ੧ | ਗਿਆਨ ਦੀ ਪ੍ਰਾਪਤੀ ਹੋਵੇ | ੧੩ |
| ਪਉੜੀ ੨ | ਮਨ ਵਿਚ ਸ਼ਾਂਤੀ ਵਸੇ | ,, |
| ਪਉੜੀ ੩ | ਵੱਡੇ ਘਰਾਣੇ ਵਿਚ ਸ਼ਾਦੀ ਹੋਵੇ | ,, |
| ਪਉੜੀ ੪ | ਮੁਕੱਦਮੇ ਵਿਚ ਜਿੱਤ ਹੋਵੇ | ੧੪ |
| ਪਉੜੀ ੫ | ਦੁਸ਼ਮਨ ਅਧੀਨ ਹੋਵੇ | ,, |
| ਪਉੜੀ ੬ | ਸਭ ਤੀਰਥਾਂ ਦੇ ਇਸ਼ਨਾਨ ਦਾ ਫਲ ਪ੍ਰਾਪਤ ਹੋਵੇ | |
| ਪਉੜੀ ੭ | ਮੁਕਤੀ ਪ੍ਰਾਪਤੀ ਹੋਵੇ | ੧੫ |
| ਪਉੜੀ ੮ | ਸਭ ਪਾਪਾਂ ਦੀ ਨਵਿਰਤੀ ਹੋਵੇ | ੧੬ |
| ਪਉੜੀ ੯ | ਮਨ ਸ਼ੁਧ ਤੇ ਪਵਿੱਤਰ ਹੋਵੇ | ,, |
| ਪਉੜੀ ੧੦ | ਇਸ਼ਟ ਦੇਵ ਦੇ ਦਰਸ਼ਨ ਹੋਣ | ,, |
| ਪਉੜੀ ੧੧ | ਅੱਖਾਂ ਦੇ ਰੋਗ ਨਵਿਰਤ ਹੋਣ | ,, |
| ਪਉੜੀ ੧੨ | ਘਰ ਦੇ ਕਲੇਸ਼ ਨਾਸ ਹੋਵਣ | ੧੭ |
| ਪਉੜੀ ੧੩ | ਬੰਧਨ ਦੇ ਕੈਦ ਤੋਂ ਛੁਟਕਾਰਾ ਮਿਲੇ | ,, |
| ਪਉੜੀ ੧੪ | ਪ੍ਰਦੇਸ ਦਾ ਸਫ਼ਰ ਸੁਖਾਵਾਂ ਹੋਵੇ | ,, |
| ਪਉੜੀ ੧੫ | ਭੂਤ ਪ੍ਰੇਤ ਦਾ ਸਾਇਆ ਦੂਰ ਹੋਵੇ | ੧੮ |
| ਪਉੜੀ ੧੬ | ਦੇਹੀ ਕੰਚਨ ਵਰਗੀ ਸੁੰਦਰ ਹੋਵੇ | ,, |
| ਪਉੜੀ ੧੭ | ਅੰਨ ਧਨ ਦੀ ਪ੍ਰਾਪਤੀ ਹੋਵੇ | ੧੯ |
| ਪਉੜੀ ੧੮ | ਤਾਪ ਸੰਤਾਪ ਦੂਰ ਹੋਵੇ | ,, |
| ਪਉੜੀ ੧੯ | ਬੇਅੰਤ ਵਰਖਾ ਹੋਵੇ | ੨੦ |
| ਪਉੜੀ ੨੦ | ਪੇਸ਼ਾਬ ਤੇ ਗੁਦਾ ਰੋਗ (ਬਵਾਸੀਰ) ਨਵਿਰਤ ਹੋਵੇ | ੨੦ |
| ਪਉੜੀ ੨੧ | ਉੱਚੀ ਪਦਵੀ ਮਿਲੇ | ,, |
| ਪਉੜੀ ੨੨ | ਜੇਹਾ ਪੁਤਰ ਪੈਦਾ ਹੋਵੇ | ੨੧ |
| ਪਉੜੀ ੨੩ | ਮਿਰਗੀ ਰੋਗ ਨਾਸ ਹੋਵੇ | ,, |
| ਪਉੜੀ ੨੪ | ਅਧਸੀਸੀ ਦਾਹੜਪੀੜ ਦੂਰ ਹੋਵੇ | ੨੨ |
| ਪਉੜੀ ੨੫ | ਕਾਲ ਦੀ ਨਵਿਰਤੀ ਤੇ ਇਸਤ੍ਰੀ ਦੇ ਮਾਹਵਾਰੀ ਰੋਗ ਨਵਿਰਤ ਹੋਵਣ | ,, |
| ਪਉੜੀ ੨੬ | ਦੁਸਮਨ ਨਾਸ ਹੋਵਣ | ੨੨ |
| ਪਉੜੀ ੨੭ | ਸੰਗ੍ਰਹਿਣੀ ਰੋਗ ਦੂਰ ਹੋਵੇ | ,, |
| ਪਉੜੀ ੨੮ | ਅਤੀਸਾਰ ਤੇ ਸੰਗ੍ਰਹਿਣੀ ਰੋਗ ਨਵਿਰਤ ਹੋਵਣ | ੨੪ |
| ਪਉੜੀ ੨੯ | ਵੈਰੀ ਅਧੀਨ ਹੋਵਣ | ੨੫ |
| ਪਉੜੀ ੩੦ | ਬੱਚਿਆਂ ਦਾ ਸੋਕੜਾ ਰੋਗ ਹੋਵੇ | ,, |
| ਪਉੜੀ ੩੧ | ਸੁੰਦਰ ਪੁਤਰ ਜਨਮੇ | ,, |
| ਪਉੜੀ ੩੨ | ਜ਼ਬਾਨ ਖੁਲੇ | ੨੬ |
| ਪਉੜੀ ੩੩ | ਨਗਰ ਸਭਾ 'ਚ ਉਚੀ ਪਦਵੀ ਮਿਲੇ | ,, |
| ਪਉੜੀ ੩੪ | ਸੰਤਾਨ ਦਾ ਵਾਧਾ ਹੋਵੇ | ੨੭ |
| ਪਉੜੀ ੩੫ | ਸਭ ਤਰ੍ਹਾਂ ਦੇ ਪਦਾਰਥ ਮਿਲਣ | ,, |
| ਪਉੜੀ ੩੬ | ਅਦ੍ਰਿਸ਼ਟ ਪ੍ਰਾਪਤ ਹੋਵੇ | ੨੮ |
| ਪਉੜੀ ੩੭ | ਦਿਬ ਦ੍ਰਿਸ਼ਟੀ ਪ੍ਰਾਪਤ ਹੋਵੇ | ,, |
| ਪਉੜੀ ੩੮ | ਸਰੀਰਕ ਪੀੜਾਂ ਨਾਸ ਹੋਵਣ | ,, |
| ਸਲੋਕ | ਪ੍ਰਭੂ ਦੀ ਪ੍ਰਾਪਤੀ ਹੋਵੇ | ੨੯ |


ਜਪੁਜੀ ਸਾਹਿਬ ਦਾ ਮਹਾਤਮ ਸਮਾਪਤ

## ਸੰਪੂਰਨ ਜਪੁਜੀ ਸਾਹਿਬ ਦਾ

## ਮਹਾਤਮ

ਗੁਰਸਿਖਾਂ ਲਈ ਸਤਿਗੁਰੂ ਜੀ ਦਾ ਹੁਕਮ ਹੈ ਕਿ ਅੰਮ੍ਰਿਤ ਵੇਲੇ ਉਠਕੇ ਇਸ਼ਨਾਨ ਕਰਕੇ ਸ਼ੁਧ ਹੋਕੇ ਪਵਿੱਤ੍ਰ ਅਸਥਾਨ ਤੇ ਬੈਠਕੇ ਸ੍ਰੀ ਜਪੁਜੀ ਸਾਹਿਬ ਦਾ ਸ਼ੁਧ ਤੇ ਇਕਾਗਰ ਚਿਤ ਹੋਕੇ ਪਾਠ ਕਰੇ ਤੇ ਅਰਦਾਸ ਕਰੇ। ਸਤਿਗੁਰੂ ਜੀ ਸਭ ਕਾਰਜ ਸਿਰੇ ਚਾੜ੍ਹਨਗੇ। ਸਭ ਦੁਖਾਂ ਦੀ ਨਵਿਰਤੀ ਕਰਕੇ ਆਪਣੇ ਦਰੋਂ ਘਰੋਂ ਸੁਖ ਸ਼ਾਂਤੀ ਤੇ ਸਫਲਤਾ ਬਖਸ਼ਣਗੇ।

Digitized by Panjab Digital Library | www.panjabdigilib.org

# ਸ਼ਬਦਾਂ ਦਾ ਮਹਾਤਮ ਤੇ ਵਿਧੀ


| ਸ਼ਬਦ ਨੰ: | ਮਹਾਤਮ | ਪੰਨਾ |
|---|---|---|
| ੧ | ਸਭ ਪ੍ਰਕਾਰ ਦੇ ਵਿਘਨ ਨਾਸ ਹੋਵਨ | ੩੦ |
| ੨ | ਗੁਰੂ ਰਾਮਦਾਸ ਜੀ ਦਾ ਹਿਰਦੇ ਵਿਚ ਨਿਵਾਸ ਹੋਵੇ | ,, |
| ੩ | ਜੀਵਨ ਮੁਕਤੀ ਤੇ ਪਰਮਗਤੀ ਪ੍ਰਾਪਤ ਹੋਵੇ | ੩੧ |
| ੪ | ਕੰਮ ਕਾਰ ਵਿਚ ਤਰੱਕੀ | ੩੨ |
| ੫ | ਵਿਗੜੇ ਕੰਮ ਸੌਰਨ | ,, |
| ੬ | ਗਰੀਬੀ ਦੂਰ ਹੋਵੇ | ੩੩ |
| ੭ | ਪਤੀ ਪਤਨੀ ਦਾ ਪਿਆਰ ਵਧੇ | ੩੪ |
| ੮ | ਸੁਖਾਂ ਦੀ ਪ੍ਰਾਪਤੀ ਹੋਵੇ | ,, |
| ੯ | ਪ੍ਰਵਾਰ ਵਿਚ ਪ੍ਰਸੰਨਤਾ ਵਧੇ | ੩੫ |
| ੧੦ | ਗਿਆਨ ਤੇ ਵੈਰਾਗ ਦੀ ਪ੍ਰਾਪਤੀ ਹੋਵੇ | ,, |
| ੧੧ | ਮਨ ਦੀ ਅਸ਼ਾਂਤੀ ਮਿਟੇ | ੩੬ |
| ੧੨ | ਮਾਨ ਸਤਕਾਰ ਵਧੇ | ,, |
| ੧੩ | ਛਾਇਆ, ਟੂਣੇ ਟਾਮਣ ਦਾ ਅਸਰ ਨਾਸ ਹੋਵੇ | ੩੭ |
| ੧੪ | ਵਪਾਰ ਵਿਚ ਬਰਕਤ ਪਵੇ | ,, |
| ੧੫. | ਅਠਾਹਠ ਤੀਰਥਾਂ ਦੇ ਇਸ਼ਨਾਨ ਦਾ ਫਲ ਪ੍ਰਾਪਤ ਹੋਵੇ | ੩੮ |
| ੧੬ | ਦੋਖੀ ਨਿੰਦਿਆ ਕਰਨ ਤੋਂ ਹਟਣ | ,, |
| ੧੭ | ਬੱਚੇ ਦਾ ਜਨਮ ਹੋਵੇ | ੩੯ |
| ੧੮ | ਬੱਚਾ ਤੰਦਰੁਸਤ ਹੋਵੇ | ,, |
| ੧੯ | ਪਤੀ ਵਸ ਵਿਚ ਹੋਵੇ | ੪੦ |
| ੨੦ | ਸਰਬ ਕਾਰਜਾਂ ਵਿਚ ਸਫਲਤਾ | ,, |
| ੨੧ | ਸਭ ਕਾਰਜ ਅਸਾਨੀ ਨਾਲ ਹੋਵਣ | ੪੧ |
| ੨੨ | ਬੇਅੰਤ ਧਨ ਪ੍ਰਾਪਤ ਹੋਵੇ | ੪੨ |
| ੨੩ | ਗੁਆਚੀ ਵਸਤੂ ਤੇ ਧਨ ਮਿਲੇ | ,, |
| ੨੪ | ਵਿਗੜੇ ਕੰਮ ਸੌਰਨ | ੪੩ |
| ੨੫ | ਸ਼ਹਿਰ ਵਿਚ ਉਚੀ ਪਦਵੀ ਮਿਲੇ | ੪੪ |
| ੨੬ | ਘਰ ਵਿਚ ਸ਼ਾਂਤੀ ਵਰਤੇ | ,, |
| ੨੭ | ਸਮਾਂ ਸੁਹਾਵਣਾ ਬੀਤੇ | ੪੫ |
| ੨੮ | ਸਭ ਚਿੰਤਾਵਾਂ ਦੂਰ ਹੋਵਨ | ੪੬ |
| ੨੯ | ਘਰ ਵਿਚੋਂ ਸੋਗ ਨਵਿਰਤ ਹੋਣ | ,, |
| ੩੦ | ਘਰ ਵਿਚ ਮੰਗਲਾਚਾਰ ਬਣੇ | ,, |
| ੩੧ | ਪੁਤਰ ਆਗਿਆਕਾਰ ਹੋਵੇ | ੪੭ |
| ੩੨ | ਭਲੇ ਪੁਰਸ਼ਾਂ ਦੀ ਸੰਗਤ ਪ੍ਰਾਪਤ ਹੋਵੇ | ੪੮ |
| ੩੩ | ਦੁਸ਼ਮਨਾਂ ਦਾ ਹੀ ਨਾਸ ਹੋਵੇ | ,, |
| ੩੪ | ਅਟਕੇ ਕਾਰਜ ਠੀਕ ਹੋਵਣ | ੪੯ |
| ੩੫ | ਸਰੀਰ ਅਰੋਗ ਹੋਵੇ | ,, |
| ੩੬ | ਕਾਮ, ਕ੍ਰੋਧ ਆਦਿ ਵਿਕਾਰ ਨਾਸ ਹੋਵਣ | ੫੦ |
| ੩੭ | ਹਰ ਪ੍ਰਕਾਰ ਦੀਆਂ ਚਿੰਤਾਵਾਂ ਦੂਰ ਹੋਣ | ,, |
| ੩੮ | ਸੰਕਟ ਨਵਿਰਤ ਹੋਵਣ | ੫੧ |
| ੩੯ | ਸਭ ਤਰ੍ਹਾਂ ਦੇ ਬੰਧਨ ਟੁੱਟਣ | ,, |
| ੪੦ | ਮੌਹਲੇ ਧਾਰ ਮੀਂਹ ਵਰਸੇ | ੫੨ |
| ੪੧ | ਸੀਤਲਾ (ਮਾਤਾ) ਦਾ ਰੋਗ ਹਟੇ | ੫੨ |
| ੪੨ | ਨੌਕਰੀ ਵਿਚ ਤਰੱਕੀ ਹੋਵੇ | ੫੩ |
| ੪੩ | ਮਾਣ ਸਤਕਾਰ ਵਿਚ ਵਾਧਾ ਹੋਵੇ | ,, |
| ੪੪ | ਵਿਛੜੇ ਮਿਤਰਾਂ ਦਾ ਮਿਲਾਪ ਹੋਵੇ | ੫੪ |
| ੪੫ | ਸਭ ਵਿਘਨ ਤੇ ਕਸ਼ਟ ਦੂਰ ਹੋਣ | ,, |
| ੪੬ | ਬੁਧੀ ਨਿਰਮਲ ਹੋਵੇ | ੫੫ |
| ੪੭ | ਭਾਈਬੰਦਾਂ ਨਾਲ ਮੇਲ ਮਿਲਾਪ ਹੋਵੇ | ,, |
| ੪੮ | ਵਿਛੜੇ ਪਿਆਰੇ ਸਜਣ ਮਿਲਣ | ੫੬ |
| ੪੯ | ਦੁਸ਼ਮਨ ਮਿੱਤਰ ਬਣਨ | ,, |
| ੫੦ | ਚੰਗੇ ਕੁੜਮਾਂ ਨਾਲ ਮੇਲ ਹੋਵੇ | ੫੭ |
| ੫੧ | ਸੰਸਾਰ ਵਿਚ ਪ੍ਰਸਿਧਤਾ ਵਧੇ | ,, |
| ੫੨ | ਪੀੜਾ ਨਵਿਰਤ ਹੋਵੇ | ੫੮ |
| ੫੩ | ਉੱਚੀ ਮੀਤ ਪ੍ਰਾਪਤ ਹੋਵੇ | ,, |
| ੫੪ | ਆਵਾਗਵਨ ਨਵਿਰਤ ਹੋਵੇ | ੫੯ |
| ੫੫ | ਪ੍ਰਵਾਰ ਵਿਚ ਸੁਖ ਸ਼ਾਂਤੀ ਵਰਤੇ | ,, |
| ੫੬ | ਨਾਰਾਜ਼ ਹੋਏ ਪਤੀ ਦਾ ਮੇਲ ਹੋਵੇ | ੬੦ |
| ੫੭ | ਬੁਰੇ ਸੁਪਨੇ ਨਾ ਆਉਣ | ,, |
| ੫੮ | ਮਨ ਨੂੰ ਸ਼ਾਂਤੀ ਪ੍ਰਾਪਤ ਹੋਵੇ | ੬੧ |
| ੫੯ | ਸਭ ਪਾਪ ਤੇ ਕਸ਼ਟ ਨਵਿਰਤ ਹੋਣ | ,, |
| ੬੦ | ਘਰ ਵਿਚੋਂ ਗਰੀਬੀ ਦੂਰ ਹੋਵੇ | ੬੨ |
| ੬੧ | ਨਿੰਦਕਾਂ ਤੇ ਦੋਖੀਆਂ ਤੋਂ ਬਚਾ ਹੋਵੇ | ੬੨ |
| ੬੨ | ਸੰਤਾਨ ਦੀ ਦਾਤ ਪ੍ਰਾਪਤ ਹੋਵੇ | ੬੩ |


Digitized by Panjab Digital Library | www.panjabdigilib.org

# ਤਤਕਰਾ-ਸ਼ਬਦਾਂ ਦਾ ਮਹਾਤਮ


| ਸ਼ਬਦ ਨੰ: | ਮਹਾਤਮ | ਪੰਨਾ |
|---|---|---|
| ੬੩ | ਸੰਤਾਂ ਦੀ ਸੰਗਤ ਪ੍ਰਾਪਤ ਹੋਵੇ | ੬੩ |
| ੬੪ | ਮੌਤ ਦਾ ਡਰ ਨਵਿਰਤ ਹੋਵੇ | ੬੪ |
| ੬੫ | ਅਟਕੇ ਕਾਰਜ ਨਿਰਵਿਘਨ ਸਿਰੇ ਚੜ੍ਹਨ | ੬੪ |
| ੬੬ | ਕਾਰੋਬਾਰ ਵਿੱਚ ਵਾਧਾ ਹੋਵੇ | ੬੫ |
| ੬੭ | ਸ੍ਰੀ ਅੰਮ੍ਰਿਤਸਰ ਸਰੋਵਰ ਦੇ ਦਰਸ਼ਨ ਇਸ਼ਨਾਨ ਦਾ ਫਲ ਮਿਲੇ | ੬੬ |
| ੬੮ | ਸੰਤਾਨ ਦਾ ਸੁਖ ਪ੍ਰਾਪਤ ਹੋਵੇ | ੬੬ |
| ੬੯ | ਅਸਾਧ ਰੋਗ ਠੀਕ ਹਵਣ | ੬੭ |
| ੭੦ | ਗਰੀਬੀ ਦੂਰ ਹੋਵੇ | ੬੭ |
| ੭੧ | ਪ੍ਰਭੂ ਦੇ ਨਾਮ ਵਿਚ ਮਨ ਜੁੜਦਾ ਹੈ | ੬੮ |
| ੭੨ | ਮੁਕੱਦਮੇ ਵਿਚ ਜਿੱਤ ਪ੍ਰਾਪਤ ਹੋਵੇ | ੬੯ |
| ੭੩ | ਆਲਸ ਰੋਗ ਦਾ ਨਾਸ ਹੋਵੇ | ੬੯ |
| ੭੪ | ਭੰਡਾਰੇ ਵਿਚ ਬਰਕਤ ਪਵੇ | ੭੦ |
| ੭੫ | ਪਤੀ ਪਤਨੀ ਵਿਚ ਪ੍ਰੇਮ ਵਧੇ | ,, |
| ੭੬ | ਮਨੁੱਖ ਦਾ ਪ੍ਰਤਾਪ ਸੂਰਜ ਵਾਂਗ ਚਮਕੇ | ੭੧ |
| ੭੭ | ਉਚੀ ਪਦਵੀ ਪ੍ਰਾਪਤ ਹੋਵੇ | |
| ੭੮ | ਜਗਤ ਵਿਚ ਸਤਕਾਰ ਵਧੇ | ੭੨ |
| ੭੯ | ਕਰਜ਼ ਦੀ ਨਵਿਰਤੀ ਹੋਵੇ | ,, |
| ੮੦ | ਆਤਮਕ ਅਨੰਦ ਦੀ ਪ੍ਰਾਪਤੀ ਹੁੰਦੀ ਹੈ | ੭੩ |
| ੮੧ | ਰਾਜ ਦਰਬਾਰ ਵਿਚ ਉੱਚੀ ਪਦਵੀ ਮਿਲੇ | ,, |
| ੮੨ | ਧਨ ਦੀ ਪ੍ਰਾਪਤੀ ਹੋਵੇ | ੭੪ |
| ੮੩ | ਗਿਆਨ-ਵੈਰਾਗ ਦੀ ਪ੍ਰਾਪਤੀ ਹੋਵੇ | ,, |
| ੮੪ | ਮਨ ਤਨ ਸੁਖੀ ਹੋਵੇ | ੭੫ |
| ੮੫ | ਸਭ ਪਰਵਾਰ ਦੀ ਪ੍ਰਸੰਨਤਾ ਹੋਵੇ | ,, |
| ੮੬ | ਘਰੋਗੀ ਕਲੇਸ਼ ਨਵਿਰਤ ਹੋਵੇ | ,, |
| ੮੭ | ਵੱਡੀ ਪਦਵੀ ਪ੍ਰਾਪਤ ਹੋਵੇ | ੭੬ |
| ੮੮ | ਮਾਨ ਤੇ ਸਤਕਾਰ ਮਿਲੇ | ,, |
| ੮੯ | ਪਤੀ ਪਤਨੀ ਵਿਚ ਪਿਆਰ ਵਧੇ | ੭੭ |
| ੯੦ | ਮਨ ਦੀ ਸ਼ਾਂਤੀ ਪ੍ਰਾਪਤ ਹੋਵੇ | ,, |
| ੯੧ | ਅਟਕੇ ਕੰਮ ਵਿਚ ਸਫਲਤਾ ਮਿਲੇ | ੭੮ |
| ੯੨ | ਮਨਇੱਛਤ ਕਾਮਨਾਵਾਂ ਪੂਰਨ ਹੋਣ | ,, |
| ੯੩ | ਸਗਲ ਮਨੋਰਥ ਪੂਰਨ ਹੋਣਗੇ | ੭੯ |
| ੯੪ | ਜਨਮ ਜਨਮ ਤੋਂ ਛੁਟਕਾਰਾ ਮਿਲੇ | ,, |
| ੯੫ | ਕੈਦ ਤੋਂ ਛੁਟਕਾਰਾ ਮਿਲੇ | ੮੦ |
| ੯੬ | ਹਰ ਤਰ੍ਹਾਂ ਦੇ ਤਾਪਾਂ ਦੀ ਨਵਿਰਤੀ ਹੋਵੇ | ,, |
| ੯੭ | ਦੁਖ, ਰੋਗ ਤੇ ਕਸ਼ਟ ਨਵਿਰਤ ਹੋਣ | ,, |
| ੯੮ | ਸੰਸਾਰ ਵਿਚ ਜਸ ਵਧੇ | ੮੧ |
| ੯੯ | ਵਿਛੜੇ ਸਜਣਾਂ ਦਾ ਮੇਲ ਹੋਵੇ | ,, |
| ੧੦੦ | ਪਰਦੇਸ਼ ਯਾਤਰਾ ਨਿਰਵਿਘਨ ਹੋਵੇ | ੮੨ |
| ੧੦੧ | ਵਾਹਿਗੁਰੂ ਦਾ ਹਿਰਦੇ ਵਿਚ ਨਿਵਾਸ ਹੋਵੇ | ,, |
| ੧੦੨ | ਵਿਘਨਾਂ ਦੀ ਨਵਿਰਤੀ ਹੋਵੇ | ੮੩ |
| ੧੦੩ | ਸੁਖਾਂ ਦੀ ਪ੍ਰਾਪਤੀ ਹੋਵੇ | ,, |
| ੧੦੪ | ਸੰਕਟਾਂ ਦੀ ਨਵਿਰਤੀ ਹੋਵੇ | ੮੩ |
| ੧੦੫ | ਚਾਰ ਪਦਾਰਥਾਂ ਦੀ ਪ੍ਰਾਪਤੀ ਹੋਵੇ | ੮੪ |
| ੧੦੬ | ਭੂਤ ਪ੍ਰੇਤ ਦਾ ਸਾਇਆ ਦੂਰ ਹੋਵੇ | ,, |
| ੧੦੭ | ਕੋਹੜ ਤੇ ਫੁਲਬਹਿਰੀ ਰੋਗ ਦੂਰ ਹੋਵੇ | ੮੫ |
| ੧੦੮ | ਨੌਂ ਨਿਧਾਂ ਤੇ ਅਠਾਰਾਂ ਸਿਧਾਂ ਮਿਲਣ | ੮੬ |
| ੧੦੯ | ਸੁੱਕਾ ਬੱਚਾ ਹਰਿਆ ਹੋਵੇ | ,, |
| ੧੧੦ | ਸਮੇਂ ਸਿਰ ਵਰਖਾ ਹੋਵੇ | ,, |
| ੧੧੧ | ਸਾਇਆ ਸਪਾਇਆ ਨਵਿਰਤ ਹੋਵੇ | ੮੭ |
| ੧੧੨ | ਘਰ ਵਿਚ ਖੁਸ਼ੀਆਂ ਦਾ ਪ੍ਰਵੇਸ਼ ਹੋਵੇ | ੮੮ |
| ੧੧੩ | ਸਰਬ ਸੁਖ, ਦੀ ਪ੍ਰਾਪਤੀ ਹੋਵੇ | ,, |
| ੧੧੪ | ਸਦੀਵੀ ਅਨੰਦ ਪ੍ਰਾਪਤ ਹੋਵੇ | ੮੯ |


Digitized by Panjab Digital Library | www.panjabdigilib.org

# ਤਤਕਰਾ—ਸ਼ਬਦਾਂ ਦਾ ਮਹਾਤਮ


| ਸ਼ਬਦ ਨੰ: | ਮਹਾਤਮ | ਪੰਨਾ |
|---|---|---|
| ੧੧੫ | ਬਿਪਤਾ ਦੇ ਦਿਨ ਨਵਿਰਤ ਹੋਣ | ੮੯ |
| ੧੧੬ | ਦਵਾਈ ਅਸਰ ਕਰੇ ਤੇ ਰੋਗ ਹਟਣ | ੯੦ |
| ੧੧੭ | ਪ੍ਰਵਾਰ ਵਿਚ ਸੁਖ ਸ਼ਾਂਤੀ ਮਧੇ | ੯੦ |
| ੧੧੮ | ਸਭ ਕਾਰਜ ਰਾਸ ਹੋਵਣ | ੯੧ |
| ੧੧੯ | ਵਿਛੜੇ ਪਿਆਰਿਆਂ ਨਾਲ ਮੇਲ ਹੋਵੇ | ੯੧ |
| ੧੨੦ | ਹਰ ਤਰਾਂ ਦੇ ਵਿਘਨ ਦੂਰ ਹੋਵਨ | ੯੨ |
| ੧੨੧ | ਮਨ ਦੇ ਮਨੋਰਥ ਪੂਰਨ ਹੋਵਣ | ,, |
| ੧੨੨ | ਸੱਚੇ ਅੰਮ੍ਰਿਤ (ਨਾਮ) ਦੀ ਦਾਤ ਪ੍ਰਾਪਤ ਹੋਵੇ | ੯੩ |
| ੧੨੩ | ਇਮਤਿਹਾਨ ਵਿਚ ਸਫਲਤਾ ਮਿਲੇ | ,, |
| ੧੨੪ | ਵਣਜ ਵਪਾਰ ਵਿਚ ਵਾਧਾ ਹੋਵੇ | ੯੪ |
| ੧੨੫ | ਹਰ ਪ੍ਰਕਾਰ ਦੀ ਰਖਿਆ ਹਵੇ | ੯੫ |
| ੧੨੬ | ਦੁਖ ਕਲੇਸ਼ ਨਵਿਰਤ ਹੋਵਣ | ,, |
| ੧੨੭ | ਗਰੀਬੀ ਤੇ ਦਲਿੱਦਰ ਦੂਰ ਹੋਣ | ੯੬ |
| ੧੨੮ | ਫਿਕਰਾਂ, ਸੋਚਾਂ ਤੇ ਛੁਟਕਾਰਾ ਮਿਲੇ | ,, |
| ੧੨੯ | ਘਰ ਵਿਚ ਪਦਾਰਥਾਂ ਦੀ ਬਹੁਤਾਤ ਹੋਵੇ | ,, |
| ੧੩੦ | ਮਨ ਦੀਆਂ ਆਸਾਂ ਪੂਰਨ ਹੋਵਣ | ੯੭ |
| ੧੩੧ | ਨਿੰਦਕ ਦਾ ਮੂੰਹ ਕਾਲਾ ਹੋਵੇ | ,, |
| ੧੩੨ | ਹਰ ਕਾਰਜ ਵਿਚ ਸਫਲਤਾ ਹੋਵੇ | ੯੮ |
| ੧੩੩ | ਹੰਕਾਰੀ ਦੁਸ਼ਮਨ ਸ਼ਰਨੀ ਪਵੇ | ੯੯ |
| ੧੩੪ | ਘਰ ਵਿਚ ਸੁਖ ਸ਼ਾਂਤੀ ਵਰਤੇ | ,, |
| ੧੩੫ | ਭੂਤ ਪ੍ਰੇਤ ਦਾ ਸਾਇਆ ਦੂਰ ਹੋਵੇ | ੧੦੦ |
| ੧੩੬ | ਰੋਗਾਂ ਮੁਸੀਬਤਾਂ ਤੋਂ ਛੁਟਕਾਰਾ ਮਿਲੇ | ,, |
| ੧੩੭ | ਬੇਅੰਤ ਵਰਖਾ ਹੋਵੇ ਤੇ ਅੰਨ ਦਾਣਾ ਵਧੇਰੇ ਹੋਵੇ | ੧੦੧ |
| ੧੩੮ | ਬੇਅੰਤ ਧਨ ਦੀ ਪ੍ਰਾਪਤੀ ਹੋਵੇ | ,, |
| ੧੩੯ | ਖੇਤੀ ਵਿਚ ਬੇਅੰਤ ਅੰਨ ਹੋਵੇ | ੧੦੨ |
| ੧੪੦ | ਦੁਖ ਭੁਖ ਤੇ ਗਰੀਬੀ ਨਾਸ ਹੋਵੇ | ੧੦੩ |
| ੧੪੧ | ਘਰ ਵਿਚ ਮਾਇਆ ਦੀ ਲਹਿਰ ਬਹਿਰ ਹੋਵੇ | ,, |
| ੧੪੨ | ਕੈਦ ਤੋਂ ਰਿਹਾਈ ਤੇ ਮੁਕੱਦਮੇ ਵਿਚ ਜਿੱਤ ਹੋਵ | ੧੦੪ |
| ੧੪੩ | ਅੰਨ, ਧਨ ਤੇ ਬੇਅੰਤ ਗਹਿਣੇ ਪ੍ਰਾਪਤ ਹੋਣ | ,, |
| ੧੪੪ | ਦੁਨਿਆਵੀ ਤ੍ਰਿਸ਼ਨਾ ਸ਼ਾਂਤ ਹੋਵੇ | ੧੦੫ |
| ੧੪੫ | ਬੱਚਿਆਂ ਦਾ ਸੋਕੜਾ ਰੋਗ ਨਾਸ ਹੋਵੇ | ,, |
| ੧੪੬ | ਦੁਸ਼ਮਨਾਂ ਦਾ ਨਾਸ ਹੋਵੇ | ੧੦੬ |
| ੧੪੭ | ਘਰ ਵਿਚ ਬੇਅੰਤ ਧਨ ਆਵੇ | ,, |
| ੧੪੮ | ਡਰ, ਕਸ਼ਟ ਤੇ ਸੰਕਟ ਨਾਸ ਹੋਵਣ | ੧੦੭ |
| ੧੪੯ | ਮੁਕੱਦਮ ਵਿਚ ਜਿੱਤ ਹੋਵੇ | ੧੦੮ |
| ੧੫੦ | ਸਭ ਇਛਾ ਪੂਰਨ ਹੋਣ | ,, |
| ੧੫੧ | ਨਿੰਦਕ ਦੁਸ਼ਟ ਤੇ ਵੈਰੀ ਨਾਸ ਹੋਵਣ | ੧੦੯ |
| ੧੫੨ | ਸਰਬ ਰੋਗ ਨਾਸ ਹੋਵਣ | ,, |
| ੧੫੩ | ਮਾਨਸਕ ਕਸ਼ਟ ਤੇ ਸੰਤਾਪ ਦੂਰ ਹੋਣ | ੧੧੦ |
| ੧੫੪ | ਅਗਿਆਨਤਾ ਨਾਸ ਹੋਵੇ | ,, |
| ੧੫੫ | ਬੇਰੁਜ਼ਗਾਰੀ ਦੂਰ ਹੋਵੇ | ੧੧੧ |
| ੧੫੬ | ਮੁਕਤੀ ਪ੍ਰਾਪਤ ਹੋਵੇ | ,, |
| ੧੫੭ | ਸਭ ਥਾਈਂ ਮਾਨ ਸਤਕਾਰ ਮਿਲੇ | ੧੧੨ |


★

Digitized by Panjab Digital Library / www.panjabdigilib.org

੧ ੴ ਸਤਿਗੁਰ ਪ੍ਰਸਾਦਿ ॥

-ਅਥ ਗ੍ਰੰਥ-

# ਸ਼ਰਧਾ ਪੂਰਨ

ਅਰਥਾਤ

# ਸ੍ਰੀ ਗੁਰੂ ਸ਼ਬਦ ਸਿਧੀ

ਦੀ

# ਉਥਾਨਕਾ

ਸਿਖ ਇਤਿਹਾਸ ਵਿਚ ਜ਼ਿਕਰ ਆਉਂਦਾ ਹੈ ਕਿ ਇਕ ਸਮੇਂ ਅਨੰਦਪੁਰ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਪਿਛਲੇ ਪਹਿਰ ਦੇ ਦੀਵਾਨ ਵਿਚ ਸਿੰਘਾਸਨ ਤੇ ਸੁਸ਼ੋਭਤ ਸਨ। ਆਪ ਦੇ ਪਾਸ ਭਾਈ ਮਨੀ ਸਿੰਘ ਜੀ ਗਿਆਨੀ ਤੇ ਭਾਈ ਨੰਦਲਾਲ ਜੀ ਆਦਿ ਨਿਕਟਵਰਤੀ ਹਜ਼ੂਰੀ ਸਿਖ ਬੈਠੇ ਸਨ ਤੇ ਹਜ਼ਾਰਾਂ ਸੰਗਤਾਂ ਸਤਿਗੁਰਾਂ ਦੇ ਦਰਸ਼ਨ ਕਰਕੇ ਤੇ ਉਪਦੇਸ਼ ਸੁਣਕੇ ਆਪਣਾ ਜਨਮ ਸਫਲਾ ਕਰ ਰਹੀਆਂ ਸਨ।

ਇਸ ਸਮੇਂ ਇਕ ਪ੍ਰੇਮੀ ਸਿਖ ਨੇ ਉਠਕੇ ਹੱਥ ਜੋੜਕੇ ਸਤਿਗੁਰੂ ਜੀ ਅਗੇ ਬੜੀ ਨਿੰਮ੍ਰਤਾ ਨਾਲ ਬੇਨਤੀ ਕੀਤੀ ਕਿ ਸੱਚੇ ਪਾਤਸ਼ਾਹ! ਆਪ ਜੀ ਦਾ ਫੁਰਮਾਨ ਹੈ ਕਿ ਗੁਰਸਿਖਾਂ ਨੂੰ ਗੁਰਬਾਣੀ ਤੋਂ ਬਿਨਾ ਹੋਰ ਕੋਈ ਬਾਣੀ ਜਾਂ ਮੰਤ੍ਰ ਨਹੀਂ ਜਪਣਾ ਚਾਹੀਦਾ, ਪਰ ਜਦੋਂ ਅਸਾਂ ਸੰਸਾਰੀ ਜੀਵਾਂ ਦਾ ਕੋਈ ਕਾਰਜ ਅਟਕਦਾ ਹੈ ਜਾਂ ਅਸੀਂ ਕਿਸੇ ਦੁਖ, ਤਕਲੀਫ, ਰੋਗ ਆਦਿ ਵਿਚ ਗ੍ਰਸੇ ਜਾਂਦੇ ਹਾਂ ਤਾਂ ਅਸੀਂ ਪੰਡਤਾਂ, ਜੋਤਸ਼ੀਆਂ, ਮੁਲਾਂ ਮੁਲਾਣਿਆਂ ਕੋਲ ਜਾਂਦੇ ਹਾਂ ਉਹ ਸਾਨੂੰ ਕਿਸੇ ਵੇਦ ਮੰਤਰ ਜਾਂ ਕਲਾਮ ਦਾ ਜਾਪ ਕਰਨ ਲਈ ਦਸਦੇ ਹਨ। ਆਪ ਕ੍ਰਿਪਾ ਕਰੋ ਕਿ ਆਪਣੇ ਗੁਰਸਿਖਾਂ ਲਈ ਗੁਰਬਾਣੀ ਦੇ ਸ਼ਬਦਾਂ ਦਾ ਕੋਈ ਜਾਪ ਦਸੋ, ਤਾਕਿ ਅਸੀਂ ਔਖੇ ਵੇਲੇ ਉਸ ਸ਼ਬਦ ਦਾ ਜਾਪ ਕਰਕੇ ਦੁਖਾਂ ਤੋਂ ਛੁਟਕਾਰਾ ਪਾ ਸਕੀਏ, ਕਿਉਂਕਿ ਸਾਨੂੰ ਗੁਰਬਾਣੀ ਦਾ ਹੀ ਆਸਰਾ ਹੈ।

Digitized by Panjab Digital Library | www.panjabdigilib.org

ਸਤਿਗੁਰੂ ਜੀ ਉਸ ਸਿਖ ਦੀ ਇਹ ਬੇਨਤੀ ਸੁਣਕੇ ਬੜੇ ਪ੍ਰਸੰਨ ਹੋਏ ਤੇ ਕਹਿਣ ਲਗੇ ਕਿ ਗੁਰਮੁਖਾ ! ਤੂੰ ਧੰਨ ਹੈਂ, ਤੂੰ ਦੁਖੀ ਜੀਵਾਂ ਲਈ ਬੜੀ ਚੰਗੀ ਕਾਮਨਾ ਵਾਲੀ ਇਹ ਮੰਗ ਮੰਗੀ ਹੈ। ਸੋ ਅਸੀਂ ਗੁਰਸਿਖਾਂ ਦੀ ਇਹ ਇਛਾ ਪੂਰੀ ਕਰਦੇ ਹਾਂ।

ਇਹ ਬਚਨ ਕਰਕੇ ਸਤਿਗੁਰੂ ਜੀ ਨੇ ਭਾਈ ਮਨੀ ਸਿੰਘ ਜੀ ਨੂੰ ਹੁਕਮ ਕੀਤਾ ਕਿ ਭਾਈ ਸਾਹਿਬ ! ਆਪ ਗੁਰਸਿਖਾਂ ਦੀ ਇਹ ਕਾਮਨਾ ਪੂਰੀ ਕਰਨ ਦਾ ਉਦਮ ਕਰੋ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਚੋਣਵੇਂ ਸ਼ਬਦ ਚੁਣਕੇ ਇਕ ਪੋਥੀ ਤਿਆਰ ਕਰੋ ਜਿਸ ਵਿਚ ਹਰ ਤਰ੍ਹਾਂ ਦੀਆਂ ਕਾਮਨਾਵਾਂ ਦੀ ਪੂਰਤੀ ਲਈ ਸ਼ਬਦ ਇਕੱਤਰ ਕੀਤੇ ਹੋਣ ਤੇ ਨਾਲ ਹੀ ਉਹਨਾਂ ਦੇ ਜਪਣ ਦੀ ਵਿਧੀ ਤੇ ਮਹਾਤਮ ਲਿਖੇ ਹੋਣ।

ਸਤਿਗੁਰੂ ਜੀ ਦਾ ਇਹ ਹੁਕਮ ਸੁਣਕੇ ਭਾਈ ਮਨੀ ਸਿੰਘ ਜੀ ਨੇ ਕੁਛ ਦਿਨਾਂ ਵਿਚ ਹੀ ਗੁਰ-ਸ਼ਬਦਾਂ ਦੀ ਇਕ ਪੋਥੀ ਤਿਆਰ ਕਰਕੇ ਸਤਿਗੁਰੂ ਜੀ ਦੇ ਅਗੇ ਲਿਆ ਰਖੀ। ਸਤਿਗੁਰੂ ਜੀ ਸਾਰੀ ਪੋਥੀ ਨੂੰ ਪੜ੍ਹਕੇ ਬੜੇ ਪ੍ਰਸੰਨ ਹੋਏ ਤੇ ਕਿਹਾ ਕਿ ਭਾਈ ਸਾਹਿਬ ਜੀ ! ਆਪ ਨੇ ਸੰਸਾਰੀ ਜੀਵਾਂ ਦੇ ਦੁਖਾਂ, ਸੰਕਟਾਂ ਤੇ ਕਲੇਸ਼ਾਂ ਦੀ ਨਵਿਰਤੀ ਲਈ ਇਹ ਪੋਥੀ ਤਿਆਰ ਕਰਕੇ ਬੜਾ ਮਹਾਨ ਕਾਰਜ ਕੀਤਾ ਹੈ। ਅਸੀਂ ਆਪ ਦੇ ਇਸ ਪਰਉਪਕਾਰ ਲਈ ਕੀਤੇ ਕਾਰਜ ਤੇ ਬੜੇ ਪ੍ਰਸੰਨ ਹੋਏ ਹਾਂ। ਸਤਿਗੁਰੂ ਜੀ ਨੇ ਇਸ ਪੋਥੀ ਦਾ ਨਾਮ 'ਸ਼ਰਧਾ ਪੂਰਨ' ਰਖਿਆ ਤੇ ਬਚਨ ਕੀਤਾ ਕਿ ਜਿਹੜਾ ਗੁਰਸਿਖ ਆਪਣੇ ਕਿਸੇ ਸੰਕਟ ਸਮੇਂ ਇਸ ਪੋਥੀ ਵਿਚੋਂ ਕੋਈ ਸ਼ਬਦ ਚੁਣਕੇ ਵਿਧੀ ਪੂਰਬਕ ਜਪੇਗਾ, ਉਸ ਦੇ ਸਾਰੇ ਕਾਰਜ ਰਾਸ ਹੋਣਗੇ। ਭਾਈ ਮਨੀ ਸਿੰਘ ਜੀ ਦੀ ਹਥ-ਲਿਖਤ ਪੋਥੀ ਵਿਚੋਂ ਅਸਾਂ ਅਨੇਕਾਂ ਸ਼ਬਦ ਸੰਗ੍ਰਹਿ ਕਰਕੇ ਇਸ ਪੋਥੀ ਵਿਚ ਦਰਜ ਕੀਤੇ ਹਨ। ਲੋੜਵੰਦ ਗੁਰਸਿਖ ਜਿਹੋ ਜਿਹਾ ਕਸ਼ਟ, ਦੁਖ ਤਕਲੀਫ ਜਾਂ ਸੰਕਟ ਹੋਵੇ, ਉਸ ਦੀ ਨਵਿਰਤੀ ਵਾਲਾ ਉਹੋ ਜਿਹਾ ਸ਼ਬਦ ਚੁਣਕੇ ਉਸਦਾ ਯਥਾ ਵਿਧੀ ਪਾਠ ਕਰੇ। ਸਤਿਗੁਰੂ ਜੀ ਉਸ ਦੇ ਸੰਕਟ ਨਵਿਰਤ ਕਰਨਗੇ ਤੇ ਖੁਸ਼ੀਆਂ ਬਖਸ਼ਣਗੇ।

ਗੁਰਬਾਣੀ ਤੇ ਨਿਸਚਾ ਰਖਕੇ ਜਿਹੜਾ ਮਨੁੱਖ ਕਿਸੇ ਸ਼ਬਦ ਦਾ ਜਾਪ ਕਰੇਗਾ, ਸਤਿਗੁਰੂ ਉਸ ਦੀਆਂ ਕਾਮਨਾ ਪੂਰੀ ਕਰੇਗਾ। ਦਾਸ ਸੰਗ੍ਰਿਹ ਕਰਤੇ

Digitized by Panjab Digital Library / www.panjabdigilib.org

# ਸ਼ਰਧਾ ਪੂਰਨ

ਦੇ

# ਸ਼ਬਦਾਂ ਦੀ ਜਪਣ-ਵਿਧੀ

ਆਪਣੀ ਮਨੋਕਾਮਨਾ ਦੀ ਪੂਰਤੀ ਵਾਸਤੇ ਜਿਸ ਸ਼ਬਦ ਦਾ ਜਾਪ ਕਰਨਾ ਹੋਵੇ, ਉਸ ਸ਼ਬਦ ਨੂੰ ਵਿਧੀ ਪੂਰਬਕ ਆਰੰਭ ਕਰਕੇ ਪੂਰੇ ਦਿਨ ਦ੍ਰਿੜ੍ਹ ਨਿਸਚੇ ਨਾਲ ਪਾਠ ਸੰਪੂਰਨ ਕਰਨਾ।

ਪਾਠ ਕਰਦਿਆਂ ਆਪਣੇ ਮਨ ਨੂੰ ਅਕਾਲ ਪੁਰਖ ਦੇ ਧਿਆਨ ਵਿਚ ਜੋੜਨਾ। ਮਨ ਨੂੰ ਡੁਲਾਣਾ ਨਹੀਂ। ਬੁਰੇ ਸੰਕਲਪਾਂ ਦਾ ਤਿਆਗ ਕਰਨਾ। ਵਿਚਾਰ ਸ਼ੁਧ ਰਖਣੇ। ਜਿੰਨੇ ਦਿਨ ਪਾਠ ਕਰਨਾ ਹੋਵੇ ਓਨੇ ਦਿਨ ਸ਼ੁਧ ਤੇ ਪਵਿੱਤਰ ਰਹਿਣਾ। ਬ੍ਰਹਮਚਰਜ ਰਖਣਾ। ਮਾਸ, ਸ਼ਰਾਬ ਤੇ ਹੋਰ ਪ੍ਰਕਾਰ ਦੇ ਨਸ਼ਿਆਂ ਤੋਂ ਪ੍ਰਹੇਜ਼ ਰਖਣਾ। ਤਨ ਦੀ ਪੁਸ਼ਾਕ ਸਾਫ ਸੁਥਰੀ ਰਖਣੀ। ਬਹਿਣ ਲਈ ਸਾਫ ਸੁਥਰਾ ਆਸਣ ਵਿਛਾਉਣਾ। ਕਿਸੇ ਨਦੀ, ਦਰਿਆ ਜਾਂ ਸਰੋਵਰ ਕੰਢੇ ਬਹਿਕੇ ਪਾਠ ਕੀਤਾ ਜਾਏ ਤਾਂ ਬਹੁਤ ਚੰਗਾ ਹੈ। ਜੇ ਪਾਠ ਘਰ ਵਿਚ ਹੀ ਕਰਨਾ ਹੋਵੇ ਤਾਂ ਚੰਗਾ ਸੁਥਰਾ ਤੇ ਇਕਾਂਤ ਅਸਥਾਨ ਹੋਵੇ। ਪਾਠ ਕਰਨ ਸਮੇਂ ਕੋਲ ਸ਼ੁਧ ਦੇਸੀ ਘਿਉ ਦੀ ਜੋਤ ਜਗਾਉਣੀ। ਅਗਰਬਤੀ ਜਾਂ ਧੂਪ ਆਦਿ ਧੁਖਾਉਣਾ। ਜਲ ਦਾ ਪਾਤਰ ਕੋਲ ਰਖਣਾ ਤੇ ਆਪਣੀ ਦ੍ਰਿਸ਼ਟੀ ਜਲ ਵਿਚ ਰਖਣੀ। ਪਾਠ ਤੋਂ ਉਠਕੇ ਉਸ ਜਲ ਨੂੰ ਆਪ ਛਕਣਾ, ਰੋਗੀ ਨੂੰ ਛਕਾਉਣਾ, ਘਰ ਜਾਂ ਹੱਟੀ ਵਿਚ ਉਸ ਜਲ ਨੂੰ ਛਿੜਕਣਾ। ਚੌਕੜੀ ਮਾਰਕੇ ਚੇਤੰਨ ਹੋਕੇ ਬੈਠਣਾ। ਮਾਲਾ ਸਰਬਲੋਹ ਦੀ ਊਨ ਜਾਂ ਪਸ਼ਮ ਦੀ ਵਰਤਣਾ। ਪਾਠ ਆਰੰਭ ਕਰਨ ਸਮੇਂ ਕਾਰਜ ਦੀ ਪੂਰਨਤਾ ਲਈ ਅਰਦਾਸ ਕਰਨੀ ਤੇ ਸਮਾਪਤੀ ਸਮੇਂ ਫਿਰ ਅਰਦਾਸ ਕਰਨੀ। ਪਾਠ ਦੀ ਮਿਆਦ ਸੰਪੂਰਨ ਹੋ ਜਾਣ ਤੇ ਕੜਾਹ ਪ੍ਰਸ਼ਾਦਿ ਕਰਕੇ ਅਰਦਾਸ ਕਰਨੀ ਤੇ ਪ੍ਰਸ਼ਾਦਿ ਸਿਖ ਸੰਗਤ ਵਿਚ ਵਰਤਾਉਣਾ। ਮਰਯਾਦਾ ਪੂਰਬਕ ਪਾਠ ਕੀਤਾ ਜਾਏ ਤਾਂ ਸ਼ਬਦ ਦਾ ਫਲ ਅਵੱਸ਼ ਪ੍ਰਾਪਤ ਹੁੰਦਾ ਹੈ।

Digitized by Panjab Digital Library | www.panjabdigilib.org

ੴ ਸਤਿਗੁਰ ਪ੍ਰਸਾਦਿ ॥

ਸਤਿਗੁਰੁ ਹੋਇ ਦਇਆਲ ਤ ਸਰਧਾ ਪੂਰੀਐ ॥

ਦਸ ਗੁਰੂ ਸਾਹਿਬਾਨ ਤੇ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ

ਨਮਸ਼ਕਾਰ !

ਭਾਈ ਮਨੀ ਸਿੰਘ ਜੀ ਵਾਲਾ

ਅਸਲੀ, ਪੁਰਾਤਨ ਤੇ ਸ਼੍ਰੋਮਣੀ

# ਸ਼ਰਧਾ ਪੂਰਨ

ਅਰਥਾਤ

## ਸ੍ਰੀ ਗੁਰੂ ਸ਼ਬਦ ਸਿਧੀ

ਤਥਾ

## ਸੰਕਟ ਮੋਚਨ ਸ਼ਬਦ

ਸਲੋਕੁ ॥

ਡੰਡਉਤਿ ਬੰਦਨ ਅਨਿਕ ਬਾਰ

ਸਰਬ ਕਲਾ ਸਮਰਥ ॥

ਡੋਲਨ ਤੇ ਰਾਖਹੁ ਪ੍ਰਭੂ

ਨਾਨਕ ਦੇ ਕਰਿ ਹਥ ॥ ੧ ॥

Digitized by Panjab Digital Library / www.panjabdigilib.org

# ਸ੍ਰੀ ਗੁਰੂ ਰਾਮਦਾਸ ਜੀ ਦਾ ਫੁਰਮਾਨ

ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਹੇਠ ਲਿਖੇ ਸ਼ਬਦ ਦੁਆਰਾ ਹਰ ਪ੍ਰਾਣੀ ਮਾਤ੍ਰ ਨੂੰ ਸੁਖੀ ਜੀਵਨ ਬਤੀਤ ਕਰਨ ਲਈ ਇਹ ਨਿਤਨੇਮ ਕਰਨ ਦਾ ਉਪਦੇਸ਼ ਦੇਂਦੇ ਹਨ :—

ਮ: ੪ ॥

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ
ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥
ਉਦਮੁ ਕਰੇ ਭਲਕੇ ਪਰਭਾਤੀ
ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥
ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ
ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥
ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ
ਬਹਦਿਆ ਉਠਦਿਆ ਹਰਿਨਾਮੁ ਧਿਆਵੈ ॥
ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ
ਸੋ ਗੁਰਸਿਖੁ ਗੁਰੂ ਮਨਿ ਭਾਵੈ ॥
ਜਿਸਨੋ ਦਇਆਲੁ ਹੋਵੈ ਮੇਰਾ ਸੁਆਮੀ
ਤਿਸੁ ਗੁਰਸਿਖ ਗੁਰੂ ਉਪਦੇਸ ਸੁਣਾਵੈ ॥
ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ
ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥੨॥

ਸਤਿਗੁਰੂ ਜੀ ਦੇ ਉਪਰੋਕਤ ਉਪਦੇਸ਼ ਦੁਆਰਾ ਜਿਹੜਾ ਪ੍ਰਾਣੀ ਆਪਣਾ ਜੀਵਨ ਗੁਜ਼ਾਰਦਾ ਹੈ, ਉਹ ਸਦਾ ਸੁਖੀ ਰਹਿੰਦਾ ਹੈ। ਸਾਰੀ ਜ਼ਿੰਦਗੀ ਕੋਈ ਸੰਕਟ, ਦੁਖ, ਕਲੇਸ਼, ਰੋਗ, ਆਧੀਆਂ; ਬਿਆਧੀਆ ਤੇ ਉਪਾਧੀਆਂ ਉਸ ਪ੍ਰਾਣੀ ਦੇ ਨੇੜੇ

Digitized by Panjab Digital Library | www.panjabdigilib.org

ਨਹੀਂ ਆਉਂਦੀਆਂ। ਮਨ ਤੇ ਤਨ ਸ਼ਾਂਤ ਰਹਿੰਦਾ ਹੈ। ਹਰ ਪਾਸਿਓਂ ਮਾਨ ਤੇ ਸਤਕਾਰ ਮਿਲਦਾ ਹੈ।

ਗਲਤ ਕਰਮਾਂ ਕਰਕੇ ਕੋਈ ਨਾ ਕੋਈ ਰੋਗ, ਕਸ਼ਟ, ਸੰਤਾਪ ਮਨੁੱਖ ਨੂੰ ਆ ਹੀ ਘੇਰਦਾ ਹੈ। ਉਸ ਸਮੇਂ ਸਾਨੂੰ ਸਤਿਗੁਰੂ ਜੀ ਦੀ ਬਾਣੀ ਦਾ ਆਸਰਾ ਲੈਣਾ ਚਾਹੀਦਾ ਹੈ। ਇਸ ਗ੍ਰੰਥ ਵਿਚ ਸਭ ਤੋਂ ਪਹਿਲਾਂ ਸ੍ਰੀ ਜਪੁਜੀ ਸਾਹਿਬ ਜੀ ਦੀਆਂ ਸਾਰੀਆਂ ਪਉੜੀਆਂ ਦਾ ਅੱਡੋ ਅੱਡ ਮਹਾਤਮ ਤੇ ਜਪਣ ਦੀ ਵਿਧੀ ਲਿਖੀ ਗਈ ਹੈ। ਫਿਰ ਸਤਿਗੁਰ ਸਾਹਿਬਾਨ ਜੀ ਦੇ ਅਨੇਕਾਂ ਸ਼ਬਦ ਮਹਾਤਮ ਤੇ ਵਿਧੀ ਸਹਿਤ ਲਿਖ ਗਏ ਹਨ। ਜਦੋਂ ਕੋਈ ਔਖਾ ਕਾਰਜ ਆਣ ਬਣੇ, ਉਸ ਸਮੇਂ ਉਸ ਕਾਰਜ ਦੀ ਸਿਧੀ ਲਈ ਸ਼ਬਦ ਚੁਣ ਲਵੇ। ਉਸ ਸ਼ਬਦ ਨੂੰ ਸ਼ੁਧ ਮਨ ਤੇ ਸ਼ੁਧ ਤਨ ਨਾਲ ਜਪ। ਸਤਿਗੁਰੂ ਜੀ ਦੀ ਮਿਹਰ ਨਾਲ ਸਰਬ ਕਾਰਜ ਰਾਸ ਹੋਣਗੇ। ਸਤਿਗੁਰੂ ਜੀ ਦੇ ਬਚਨਾਂ ਤੇ ਨਿਸ਼ਚਾ ਰਖੋ। ਸਭ ਚਿੰਤਾਵਾਂ ਦੂਰ ਹੋ ਜਾਣਗੀਆਂ। ਮਨ ਦੀਆਂ ਕਾਮਨਾਵਾਂ ਪੂਰਨ ਹੋਣਗੀਆਂ। ਸਤਿ ਕਰ ਜਾਨਣਾ।

ਹਰ ਗੁਰਸਿਖ ਸਤਿਗੁਰੂ ਜੀ ਦੀ ਦਸੀ ਮਰਿਆਦਾ ਅਨੁਸਾਰ ਅੰਮ੍ਰਿਤ ਵੇਲੇ ਸ੍ਰੀ ਜਪੁਜੀ ਸਾਹਿਬ, ਜਾਪੁ ਸਾਹਿਬ, ਅੰਮ੍ਰਿਤ-ਸਵੱਯੇ, ਬੇਨਤੀ ਚੋਪਈ ਤੇ ਅਨੰਦ ਸਾਹਿਬ ਦਾ ਪਾਠ ਕਰੇ। ਸੰਧਿਆ ਸਮੇਂ ਰਹਿਰਾਸਤੇ ਸੋਣ ਵੇਲੇ ਕੀਰਤਨ ਸੋਹਿਲਾ ਪੜ੍ਹੇ। ਸੁਖਮਨੀ ਸਾਹਿਬ ਤੇ ਆਸਾ ਦੀ ਵਾਰ ਦਾ ਪਾਠ ਕਰੇ। ਇਸ ਪ੍ਰਕਾਰ ਗੁਰਬਾਣੀ ਦਾ ਪਾਠ ਕਰਨ ਨਾਲ ਸਾਰਾ ਜੀਵਨ ਸੁਖੀ ਰਹਿੰਦਾ ਹੈ।

'ਵਾਹਿਗੁਰੂ' ਗੁਰਮੰਤ੍ਰ ਦਾ ਸਿਮਰਨ ਹਰ ਸਮੇਂ ਕਰਦੇ ਰਹਿਣਾ ਚਾਹੀਦਾ ਹੈ।

ਇਹ ਗੁਰਮੰਤ੍ਰ ਹਰ ਸਿਖ ਲਈ ਜਪਣਾ ਅਤੀ ਜ਼ਰੂਰੀ ਹੈ। ਫਿਰ ਸੰਸਾਰ ਦਾ ਕੋਈ ਸੰਕਟ ਨਹੀਂ ਵਿਆਪਦਾ।

Digitized by Panjab Digital Library / www.panjabdigilib.org

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ॥
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥

ਇਹ ਸਲੋਕ ਸਮੱਗ੍ਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀਦੀ ਗੁਰਬਾਣੀ ਦਾ ਮੂਲ ਮੰਤ੍ਰ ਹੈ। ਸਮੂਹ ਸਤਿਗੁਰੂ ਸਾਹਿਬਾਨ ਜੀ ਦੀ ਰਚੀ ਬਾਣੀ ਇਸ ਮੂਲ-ਮੰਤ੍ਰ ਦੀ ਵਿਆਖਿਆ ਹੀ ਕਰਦੀ ਹੈ। ਇਸ ਮੂਲ-ਮੰਤ੍ਰ ਦੀ ਗੁਰੂ ਘਰਵਿਚਬੜੀ ਮਹਾਨਤਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਸਚਖੰਡ ਵਿਚ ਹਾਜ਼ਰ ਹੋਣ ਤੇ ਇਹ ਮੂਲ-ਮੰਤ੍ਰ ਅਕਾਲ ਪੁਰਖ ਜੀ ਨੇ ਆਪਣੇ ਮੁਖਾਰਬਿੰਦ ਤੋਂ ਉਚਾਰਕੇ ਬਖਸ਼ਿਸ਼ ਕੀਤਾ ਸੀ। ਇਹ ਮੰਤ੍ਰ 'ਅਮੋਘ ਮੰਤ੍ਰ' ਹੈ।

ਇਸ ਮੂਲ-ਮੰਤ੍ਰ ਦਾ ਅੰਮ੍ਰਿਤ ਵੇਲੇ ਇਸ਼ਨਾਨ ਕਰਕੇ ਸ਼ੁਧ ਮਨ ਨਾਲ ਐਤਵਾਰ ਤੋਂ ਅਰੰਭ ਕਰਕੇ ੧੦ ਦਿਨਾਂ ਵਿਚ ਦਸ ਹਜ਼ਾਰ ਪਾਠ ਕਰੋ। ਇਸ ਮੰਤ੍ਰ ਨੂੰ ਸਿਧ ਕਰਨ ਨਾਲ ਅਕਾਲ ਪੁਰਖ ਦਾ ਹਿਰਦੇ ਵਿਚ ਨਿਵਾਸ ਹੁੰਦਾ ਹੈ। ਹਰ ਪਾਸੇ ਬਰਕਤਾਂ ਹੀ ਬਰਕਤਾ ਵਰ੍ਹਦੀਆਂ ਹਨ। ਹਰਤਰ੍ਹਾਂ ਦੇ ਸੁਖਾਂ ਦੀ ਪ੍ਰਾਪਤੀ ਹੁੰਦੀ ਹੈ। ਸਰਬ ਰੋਗ ਨਾਸ ਹੁੰਦੇ ਹਨ !

ਇਸ ਮੂਲ-ਮੰਤ੍ਰ ਨੂੰ ਸਾਰਾ ਜੀਵਨ ਹਰ ਰੋਜ਼ ੧੦੯ਵਾਰ ਜਪਦੇ ਰਹਿਣ ਨਾਲ ਘਰ ਵਿਚ ਬੇਅੰਤ ਧਨ,ਸਾਰੇ ਸੁਖ, ਬਰਕਤਾਂ ਤੇ ਖੁਸ਼ੀਆਂ ਆਉਂਦੀਆਂ ਹਨ !

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ॥
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥

ਜਪੁ ॥

ਆਦਿ ਸਚੁ ਜੁਗਾਦਿ ਸਚੁ ॥
ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥੧॥

ਮੂਲ ਮੰਤ੍ਰ ਨੂੰ 'ਆਦਿ ਸਚੁ' ਵਾਲੇ ਸਲੋਕ ਸਮੇਤ ਹਰ ਰੋਜ਼ ੪੦ ਦਿਨ

Digitized by Panjab Digital Library | www.panjabdigilib.org

੧੦੯ ਵਾਰ ਜਪਣ ਨਾਲ ਮਨਇਛਤ ਸੁਖ ਪ੍ਰਾਪਤ ਹੁੰਦੇ ਹਨ । ਸਰਬ ਰੋਗ ਨਾਸ ਹੁੰਦੇ ਹਨ । ਸਭ ਤਰ੍ਹਾਂ ਦੀਆਂ ਬਰਕਤਾਂ ਘਰ ਵਿਚ ਵਸਦੀਆਂ ਹਨ । ਬੇਅੰਤ ਧਨ ਗ੍ਰਹਿ ਵਿਖੇ ਆਉਂਦਾ ਹੈ।

(ਪਉੜੀ ਪਹਿਲੀ)

ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ ॥ ਚੁਪੈ ਚੁਪ ਨ ਹੋਵਈ ਜੇ ਲਾਇ ਰਹਾ ਲਿਵ ਤਾਰ ॥ ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ॥ ਸਹਸ ਸਿਆਣਪਾ ਲਖ ਹੋਹਿ ਤ ਇਕ ਨ ਚਲੈ ਨਾਲਿ ॥ ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ ॥ ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥੧॥

ਵਿਧੀ—ਇਸ ਪਉੜੀ ਦਾ ਦਸ ਹਜ਼ਾਰ ਪਾਠ ਐਤਵਾਰ ਤੋਂ ਅਰੰਭ ਕਰਕੇ ੪੦ ਦਿਨਾਂ ਵਿਚ ਕਰੇ ਤਾਂ ਗਿਆਨ ਦੀ ਪ੍ਰਾਪਤੀ ਹੁੰਦੀ ਹੈ।

(ਪਉੜੀ ਦੂਜੀ)

ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ ॥ ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ॥ ਹੁਕਮੀ ਉਤਮੁ ਨੀਚੁ ਹੁਕਮਿ ਲਿਖਿ ਦੁਖ ਸੁਖ ਪਾਈਅਹਿ ॥ ਇਕਨਾ ਹੁਕਮੀ ਬਖਸੀਸ ਇਕਿ ਹੁਕਮੀ ਸਦਾ ਭਵਾਈਅਹਿ॥ ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ॥ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ ॥੨॥

ਵਿਧੀ—ਇਸ ਪਉੜੀ ਦਾ ਅੰਮ੍ਰਿਤ ਵੇਲੇ ੨੧ ਦਿਨਾਂ ਵਿਚ ਇਕੀ ਹਜ਼ਾਰ ਪਾਠ ਕਰਨ ਨਾਲ ਬ੍ਰਹਮ ਗਿਆਨ ਦੀ ਪ੍ਰਾਪਤੀ ਹੁੰਦੀ ਹੈ ਤੇ ਮਨ ਵਿਚ ਸ਼ਾਂਤੀ ਦਾ ਪ੍ਰਵੇਸ਼ ਹੁੰਦਾ ਹੈ।

(ਪਉੜੀ ਤੀਜੀ)

ਗਾਵੈ ਕੋ ਤਾਣੁ ਹੋਵੈ ਕਿਸੈ ਤਾਣੁ ॥ ਗਾਵੈ ਕੋ ਦਾਤਿ ਜਾਣੈ ਨੀਸਾਣੁ ॥ ਗਾਵੈ ਕੋ ਗੁਣ ਵਡਿਆਈਆ ਚਾਰ ॥ ਗਾਵੈ ਕੋ ਵਿਦਿਆ ਵਿਖਮੁ ਵੀਚਾਰੁ ॥

Digitized by Panjab Digital Library / www.panjabdigilib.org

ਗਾਵੈ ਕੋ ਸਾਜਿ ਕਰੇ ਤਨੁ ਖੇਹ॥ ਗਾਵੈ ਕੋ ਜੀਅ ਲੈ ਫਿਰਿ ਦੇਹ॥ਗਾਵੈ ਕੋ ਜਾਪੈ ਦਿਸੈ ਦੂਰਿ ॥ ਗਾਵੈ ਕੋ ਵੇਖੈ ਹਾਦਰਾ ਹਦੂਰਿ ॥ ਕਥਨਾ ਕਥੀ ਨ ਆਵੈ ਤੋਟਿ॥ ਕਥਿ ਕਥਿ ਕਥੀ ਕੋਟੀ ਕੋਟਿ ਕੋਟਿ ॥ ਦੇਦਾ ਦੇ ਲੈਦੇ ਥਕਿ ਪਾਹਿ ॥ ਜੁਗਾ ਜੁਗੰਤਰਿ ਖਾਹੀ ਖਾਹਿ ॥ ਹੁਕਮੀ ਹੁਕਮੁ ਚਲਾਏ ਰਾਹੁ ॥ ਨਾਨਕ ਵਿਗਸੈ ਵੇਪਰਵਾਹੁ ॥੩॥

ਵਿਧੀ–ਇਸ ਪਉੜੀ ਦਾ ਸਵਾ ਲੱਖ ਪਾਠ ੧੦੧ ਦਿਨਾਂ ਵਿਚ ਕਰੋ। ਪਾਠ ਐਤਵਾਰ ਅੰਮ੍ਰਿਤ ਵੇਲੇ ਅਰੰਭ ਕਰਨਾ। ਬੇਅੰਤ ਧਨ ਪ੍ਰਾਪਤ ਹੋਵੇ ਤੇ ਕਿਸੇ ਵਡੇ ਘਰਾਣੇ ਦੀ ਜਾਂ ਰਾਜੇ ਦੀ ਪੁਤਰੀ ਨਾਲ ਵਿਆਹ ਹੋਵੇ।

## (ਪਉੜੀ ਚੌਥੀ)

ਸਾਚਾ ਸਾਹਿਬੁ ਸਾਚੁ ਨਾਇ ਭਾਖਿਆ ਭਾਉ ਅਪਾਰੁ॥ ਆਖਹਿ ਮੰਗਹਿ ਦੇਹਿ ਦੇਹਿ ਦਾਤਿ ਕਰੇ ਦਾਤਾਰੁ॥ ਫੇਰਿ ਕਿ ਅਗੈ ਰਖੀਐ ਜਿਤੁ ਦਿਸੈ ਦਰਬਾਰੁ॥ ਮੁਹੌ ਕਿ ਬੋਲਣੁ ਬੋਲੀਐ ਜਿਤੁ ਸੁਣਿ ਧਰੇ ਪਿਆਰੁ। ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ ॥ ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ ॥ ਨਾਨਕ ਏਵੈ ਜਾਣੀਐ ਸਭੁ ਆਪੇ ਸਚਿਆਰੁ ॥੪॥

ਵਿਧੀ–ਇਸ ਪਉੜੀ ਦਾ ੪੧ ਦਿਨਾਂ ਵਿਚ ੪੧ ਸੌ ਪਾਠ ਕਰਨ ਨਾਲ ਦੁਸ਼ਮਨ ਮਿੱਤ੍ਰ ਬਣ ਜਾਂਦਾ ਹੈ ਤੇ ਮੁਕੱਦਮੇ ਵਿਚ ਜਿੱਤ ਪ੍ਰਾਪਤ ਹੁੰਦੀ ਹੈ। ਕੋਈ ਵੈਰੀ ਸਾਹਮਣੇ ਨਹੀਂ ਅੜਦਾ।

## (ਪਉੜੀ ਪੰਜਵੀਂ)

ਥਾਪਿਆ ਨ ਜਾਇ ਕੀਤਾ ਨ ਹੋਇ ॥ ਆਪੇ ਆਪਿ ਨਿਰੰਜਨੁ ਸੋਇ ॥ ਜਿਨਿ ਸੇਵਿਆ ਤਿਨਿ ਪਾਇਆ ਮਾਨੁ ॥ ਨਾਨਕ ਗਾਵੀਐ ਗੁਣੀ ਨਿਧਾਨੁ ॥ ਗਾਵੀਐ ਸੁਣੀਐ ਮਨਿ ਰਖੀਐ ਭਾਉ ॥ ਦੁਖੁ ਪਰਹਰਿ ਸੁਖੁ ਘਰਿ ਲੈ ਜਾਇ ॥ ਗੁਰਮੁਖਿ ਨਾਦੰ ਗੁਰਮੁਖਿ ਵੇਦੰ ਗੁਰਮੁਖਿ ਰਹਿਆ ਸਮਾਈ॥ ਗੁਰੁ ਈਸਰੁ ਗੁਰੁ ਗੋਰਖੁ ਬਰਮਾ ਗੁਰੁ ਪਾਰਬਤੀ ਮਾਈ ॥ ਜੇ ਹਉ ਜਾਣਾ ਆਖਾ ਨਾਹੀ ਕਹਣਾ

Digitized by Panjab Digital Library / www.panjabdigilib.org
Created with ... for non-commercial use only. ... Software

ਕਥਨੁ ਨ ਜਾਈ ॥ ਗੁਰਾ ਇਕ ਦੇਹਿ ਬੁਝਾਈ॥ ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ ॥੫॥

ਵਿਧੀ–ਇਸ ਪਉੜੀ ਦਾ ੨੧ ਦਿਨਾਂ ਵਿਚ ੨੧ ਸੌ ਪਾਠ ਕਰੇ। ਪਾਠ ਸੋਮਵਾਰ ਤੋਂ ਅੰਮ੍ਰਿਤ ਵੇਲੇ ਅਰੰਭ ਕਰਨਾ। ਦੁਸ਼ਮਨ ਅਧੀਨ ਹੋਵੇ । ਸਭ ਕਲ੍ਹਾ ਕਲੇਸ਼ ਨਾਸ ਹੋਵੇ। ਘਰ ਵਿਚ ਬੇਅੰਤ ਧਨ ਆਵੇ।

## (ਪਉੜੀ ਛੇਵੀਂ)

ਤੀਰਥਿ ਨਾਵਾ ਜੇ ਤਿਸੁ ਭਾਵਾ ਵਿਣੁ ਭਾਣੇ ਕਿ ਨਾਇ ਕਰੀ ॥ ਜੇਤੀ ਸਿਰਠਿ ਉਪਾਈ ਵੇਖਾ ਵਿਣੁ ਕਰਮਾ ਕਿ ਮਿਲੈ ਲਈ ॥ ਮਤਿ ਵਿਚਿ ਰਤਨ ਜਵਾਹਰ ਮਾਣਿਕ ਜੇ ਇਕ ਗੁਰ ਕੀ ਸਿਖ ਸੁਣੀ॥ ਗੁਰਾ ਇਕਿਦੇਹਿ ਬੁਝਾਈ॥ ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ ॥੬॥

ਵਿਧੀ–ਇਸ ਪਉੜੀ ਦਾ ਐਤਵਾਰ ਦੁਪਹਿਰ ਤੋਂ ਪਾਠ ਅਰੰਭ ਕਰਕੇ ੨੧ ਦਿਨਾਂ ਵਿਚ ੨ ਹਜ਼ਾਰ ਜਪੇ। ਸਭ ਤੀਰਥਾਂ ਦੇ ਇਸ਼ਨਾਨ ਦਾ ਫਲ ਪ੍ਰਾਪਤ ਹੋਵੇ। ਸਭ ਪਾਪ ਨਵਿਰਤ ਹੋ ਜਾਵਣ ਤੇ ਸਭ ਦੁਖ ਕਲੇਸ਼ ਦੂਰ ਹੋ ਜਾਣ।

## (ਪਉੜੀ ਸਤਵੀਂ)

ਜੇ ਜੁਗ ਚਾਰੇ ਆਰਜਾ ਹੋਰ ਦਸੂਣੀ ਹੋਇ ॥ ਨਵਾ ਖੰਡਾ ਵਿਚਿ ਜਾਣੀਐ ਨਾਲਿ ਚਲੈ ਸਭੁ ਕੋਇ॥ ਚੰਗਾ ਨਾਉ ਰਖਾਇਕੈ ਜਸੁ ਕੀਰਤਿ ਜਗਿ ਲੇਇ ॥ ਜੇ ਤਿਸੁ ਨਦਰਿ ਨ ਆਵਈ ਤ ਵਾਤ ਨ ਪੁਛੈ ਕੇ॥ ਕੀਟਾ ਅੰਦਰਿ ਕੀਟੁ ਕਰਿਦੋਸੀ ਦੋਸੁ ਧਰੇ ॥ ਨਾਨਕ ਨਿਰਗੁਣਿ ਗੁਣੁ ਕਰੇ ਗੁਣਵੰਤਿਆ ਗੁਣੁ ਦੇ॥ ਤੇਹਾ ਕੋਇ ਨ ਸੁਝਈ ਜਿ ਤਿਸੁ ਗੁਣੁ ਕੋਇ ਕਰੇ ॥ ੭ ॥

ਵਿਧੀ–ਇਸ ਪਉੜੀ ਦਾ ੫੧ ਦਿਨਾਂ ਵਿਚ ਚੌਦਾਂ ਹਜ਼ਾਰ ਪਾਠ ਕਰੇ। ਪਾਠ ਸੋਮਵਾਰ ਤੋਂ ਅਰੰਭ ਕਰਨਾ ਤੇ ਰਾਤ ਸਮੇਂ ਪਾਠਕਰਨਾ ਮੁਕਤੀ ਪ੍ਰਾਪਤ ਹੋਵੇ। ਉਮਰ ਲੰਮੀ ਹੋਵੇ। ਦੁਖ ਕਲੇਸ਼ ਨਾਸ ਹੋਵਣ।

Digitized by Panjab Digital Library / www.panjabdigilib.org

## (ਪਉੜੀ ਅੱਠਵੀਂ)

ਸੁਣਿਐ ਸਿਧ ਪੀਰ ਸੁਰਿ ਨਾਥ ॥ ਸੁਣਿਐ ਧਰਤਿ ਧਵਲ ਆਕਾਸ ॥ ਸੁਣਿਐ ਦੀਪ ਲੋਅ ਪਾਤਾਲ॥ ਸੁਣਿਐ ਪੋਹਿ ਨ ਸਕੈ ਕਾਲੁ॥ ਨਾਨਕ ਭਗਤਾ ਸਦਾ ਵਿਗਾਸ ॥ ਸੁਣਿਐ ਦੂਖ ਪਾਪ ਕਾ ਨਾਸੁ ॥੮॥

ਵਿਧੀ–ਇਸ ਪਉੜੀ ਦਾ ੪੧ ਦਿਨਾਂ ਵਿਚ ਯਾਰਾਂ ਹਜ਼ਾਰ ਪਾਠ ਕਰਨਾ। ਪਾਠ ਬੁਧਵਾਰ ਸਵੇਰ ਤੋਂ ਸ਼ੁਰੂ ਕਰਨਾ।ਸਭ ਪਾਪਾਂ ਦੀ ਨਵਿਰਤੀਹੋ ਜਾਂਦੀ ਹੈ। ਦੁਖ ਕਲੇਸ਼ ਸੰਤਾਪ ਦੂਰ ਹੋ ਜਾਂਦੇ ਹਨ। ਘਰ ਵਿਚ ਸੁਖ ਸ਼ਾਂਤੀ ਆ ਵਸਦੀ ਹੈ।

## (ਪਉੜੀ ਨੌਵੀਂ)

ਸੁਣਿਐ ਈਸਰੁ ਬਰਮਾ ਇੰਦੁ ॥ ਸੁਣਿਐ ਮੁਖਿ ਸਾਲਾਹਣ ਮੰਦੁ ॥ ਸੁਣਿਐ ਜੋਗ ਜੁਗਤਿ ਤਨਿ ਭੇਦ ॥ ਸੁਣਿਐ ਸਾਸਤ ਸਿਮ੍ਰਿਤਿ ਵੇਦ॥ ਨਾਨਕ ਭਗਤਾ ਸਦਾ ਵਿਗਾਸੁ ॥ ਸੁਣਿਐ ਦੂਖ ਪਾਪ ਕਾ ਨਾਸੁ ॥੯॥

ਵਿਧੀ–ਇਸ ਪਉੜੀ ਦਾ ਪਾਠ ਸੋਮਵਾਰ ਤੋਂ ਅਰੰਭਕਰਕੇ ਪ੍ਰਾਤਾਕਾਲ ਸਮੇਂ ੪੦ ਦਿਨਾਂ ਵਿਚ ੪੦ ਹਜ਼ਾਰ ਪਾਠ ਕਰੇ। ਮਨਸ਼ੁਧ ਤੇ ਪਵਿੱਤ੍ਰ ਹੋਜਾਂਦਾ ਹੈ। ਬੁੱਧੀ ਉੱਜਲ ਹੋ ਜਾਂਦੀ ਹੈ। ਪਾਪ ਕਰਮ ਕਰਨ ਤੋਂ ਮਨ ਹਟ ਜਾਂਦਾ ਹੈ।

## (ਪਉੜੀ ਦਸਵੀਂ)

ਸੁਣਿਐ ਸਤੁ ਸੰਤੋਖੁ ਗਿਆਨੁ ॥ ਸੁਣਿਐ ਅਠਸਠਿ ਕਾ ਇਸਨਾਨੁ ॥ ਸੁਣਿਐ ਪੜਿ ਪੜਿ ਪਾਵਹਿ ਮਾਨੁ॥ ਸੁਣਿਐ ਲਾਗੈ ਸਹਜ ਧਿਆਨੁ॥ ਨਾਨਕ ਭਗਤਾ ਸਦਾ ਵਿਗਾਸੁ ॥ ਸੁਣਿਐ ਦੂਖ ਪਾਪ ਕਾ ਨਾਸੁ ॥੧੦॥

ਵਿਧੀ–ਇਸ ਪਉੜੀ ਦਾ ੨੨ ਹਜ਼ਾਰ ਪਾਠ ੧੪ ਦਿਨਾਂ ਵਿਚ ਕਰੇ। ਪਾਠ ਸੋਮਵਾਰ ਤੋਂ ਅਰੰਭ ਕਰਨਾ। ਇਸ਼ਟ ਦੇਵ ਦਾ ਸੁਪਨੇ ਵਿਚ ਦਰਸ਼ਨ ਹੋਵੇ। ਮਾਨ ਸਤਕਾਰ ਵਧੇ। ਸਾਰੇ ਲੋਕ ਇਜ਼ਤ ਕਰਦੇ ਹਨ।

## (ਪਉੜੀ ਯਾਰਵੀਂ)

ਸੁਣਿਐ ਸਰਾ ਗੁਣਾ ਕੇ ਗਾਹ ॥ ਸੁਣਿਐ ਸੇਖ ਪੀਰ ਪਾਤਿਸਾਹ ॥

Digitized by Panjab Digital Library | www.panjabdigilib.org

ਸੁਣਿਐ ਅੰਧੇ ਪਾਵਹਿ ਰਾਹੁ ॥ ਸੁਣਿਐ ਹਾਥ ਹੋਵੈ ਅਸਗਾਹੁ ॥ ਨਾਨਕ ਭਗਤਾ ਸਦਾ ਵਿਗਾਸੁ ॥ ਸੁਣਿਐ ਦੂਖ ਪਾਪ ਕਾ ਨਾਸੁ ॥੧੧॥

ਵਿਧੀ–ਇਸ ਪਉੜੀ ਦਾ ੧੪ ਹਜ਼ਾਰ ਪਾਠ ੧੪ ਦਿਨਾਂ ਵਿਚ ਕਰੋ। ਕੋਲ ਜਲ ਦਾ ਗੜਵਾ ਰਖੋ। ਉਸ ਜਲ ਦੇ ਛਟੇ ਅੱਖਾਂ ਤੇ ਮਾਰਨ ਨਾਲ ਅੱਖਾਂ ਦੇ ਸਭ ਰੋਗ ਨਵਿਰਤ ਹੋਵਣ।

## (ਪਉੜੀ ਬਾਰਵੀਂ)

ਮੰਨੇ ਕੀ ਗਤਿ ਕਹੀ ਨ ਜਾਇ ॥ ਜੇ ਕੋ ਕਹੈ ਪਿਛੈ ਪਛੁਤਾਇ॥ ਕਾਗਦਿ ਕਲਮ ਨ ਲਿਖਣਹਾਰੁ ॥ ਮੰਨੇ ਕਾ ਬਹਿ ਕਰਨਿ ਵੀਚਾਰੁ ॥ ਐਸਾ ਨਾਮੁ ਨਿਰੰਜਨੁ ਹੋਇ ॥ ਜੇ ਕੋ ਮੰਨਿ ਜਾਣੈ ਮਨਿ ਕੋਇ ॥੧੨॥

ਵਿਧੀ–ਇਸ ਪਉੜੀ ਦਾ ਇਕੀ ਦਿਨਾਂ ਵਿਚ ਇਕੀ ਹਜ਼ਾਰ ਪਾਠ ਕਰੋ। ਦੁਸ਼ਮਨ ਮਿੱਤਰ ਬਣੇ ਪਾਠ ਸੋਮਵਾਰ ਤੋਂ ਅਰੰਭ ਕਰਨਾ। ਘਰ ਦੇ ਸਭ ਕਲੇਸ਼ ਨਵਿਰਤ ਹੋ ਜਾਂਦੇ ਹਨ।

## (ਪਉੜੀ ਤੇਰਵੀਂ)

ਮੰਨੈ ਸੁਰਤਿ ਹੋਵੈ ਮਨਿ ਬੁਧਿ ॥ ਮੰਨੈ ਸਗਲ ਭਵਨ ਕੀ ਸੁਧਿ ॥ ਮੰਨੈ ਮੁਹਿ ਚੋਟਾ ਨਾ ਖਾਇ ॥ ਮੰਨੈ ਜਮ ਕੈ ਸਾਥਿ ਨ ਜਾਇ॥ ਐਸਾ ਨਾਮੁ ਨਿਰੰਜਨੁ ਹੋਇ ॥ ਜੇ ਕੋ ਮੰਨਿ ਜਾਣੈ ਮਨਿ ਕੋਇ ॥੧੩॥

ਵਿਧੀ–ਇਸ ਪਉੜੀ ਦਾ ਸ਼ੁਕਰਵਾਰ ਤੋਂ ਪਾਠ ਅਰੰਭ ਕਰੋ। ੧੪ ਦਿਨਾਂ ਵਿਕ ੧੪ ਹਜ਼ਾਰ ਪਾਠ ਕਰਨਾ। ਬੰਧਨਾ ਛੁਟਣਾ ਮੁਕਦਮੇ ਵਿਚ ਜਿੱਤ ਹੋਵੇ। ਮਨ ਤੇ ਬੁਧੀ ਪਵਿੱਤਰ ਹੋਵਣ।

## (ਪਉੜੀ ਚੋਦਵੀਂ)

ਮੰਨੈ ਮਾਰਗਿ ਠਾਕ ਨ ਪਾਇ ॥ ਮੰਨੈ ਪਤਿ ਸਿਉ ਪਰਗਟੁ ਜਾਇ ॥ ਮੰਨੈ ਮਗੁ ਨ ਚਲੈ ਪੰਥੁ ॥ ਮੰਨੈ ਧਰਮ ਸੇਤੀ ਸਨਬੰਧੁ ॥ ਐਸਾ ਨਾਮੁ ਨਿਰੰ

Digitized by Panjab Digital Library / www.panjabdigilib.org

ਹੋਇ ॥ ਜੇਕੋ ਮੰਨਿ ਜਾਣੈ ਮਨਿ ਕੋਇ ॥੧੪॥

ਵਿਧੀ—ਇਸ ਪਉੜੀ ਦਾ ਪਾਠ ਅੰਮ੍ਰਿਤ ਵੇਲੇ ਬੁਧਵਾਰ ਤੋਂ ਆਰੰਭ ਕਰਕੇ ੭ ਦਿਨਾਂ ਵਿਚ ੭ ਹਜ਼ਾਰ ਕਰਨਾ। ਜੰਗ ਵਿਚ ਫਤਹ ਪ੍ਰਾਪਤ ਹੋਵੇ। ਪ੍ਰਦੇਸ ਦੇ ਸਫਰ ਵਿਚ ਕੋਈ ਕਸ਼ਟ ਨਾ ਹੋਵੇ। ਮਾਨ ਸਤਕਾਰ ਵਧੇ।

## (ਪਉੜੀ ਪੰਦਰਵੀਂ)

ਮੰਨੈ ਪਾਵਹਿ ਮੋਖੁ ਦੁਆਰੁ ॥ ਮੰਨੈ ਪਰਵਾਰੈ ਸਾਧਾਰੁ ॥ ਮੰਨੈ ਤਰੈ ਤਾਰੇ ਗੁਰਸਿਖ ॥ ਮੰਨੈ ਨਾਨਕ ਭਵਹਿ ਨ ਭਿਖ ॥ ਐਸਾ ਨਾਮੁ ਨਿਰੰਜਨੁ ਹੋਇ॥ਜੇਕੋ ਮੰਨਿ ਜਾਣੈ ਮਨਿ ਕੋਇ ॥ ੧੫ ॥

ਵਿਧੀ—ਇਸ ਪਉੜੀ ਦਾ ੪੦ ਦਿਨ ਹਰ ਰੋਜ਼ ਇਕ ਹਜ਼ਾਰ ਪਾਠ ਕਰੇ। ਗਿਆਨ ਪ੍ਰਾਪਤ ਹੁੰਦਾ ਹੈ। ਅੰਤ ਨੂੰ ਮੁਕਤੀ ਮਿਲਦੀ ਹੈ। ਭੂਤ ਪ੍ਰੇਤ ਦਾ ਸਾਇਆ ਦੂਰ ਹੁੰਦਾ ਹੈ।

## (ਪਉੜੀ ਸੋਲਵੀਂ)

ਪੰਚ ਪਰਵਾਣ ਪੰਚ ਪਰਧਾਨੁ ॥ ਪੰਚੇ ਪਾਵਹਿ ਦਰਗਹਿ ਮਾਨੁ ॥ ਪੰਚੇ ਸੋਹਹਿ ਦਰਿ ਰਾਜਾਨੁ ॥ ਪੰਚਾ ਕਾ ਗੁਰੁ ਏਕੁ ਧਿਆਨੁ॥ਜੇਕੋ ਕਹੈ ਕਰੈ ਵੀਚਾਰੁ॥ ਕਰਤੇ ਕੈ ਕਰਣੈ ਨਾਹੀ ਸੁਮ ਰੁ ॥ ਧੌਲੁ ਧਰਮੁ ਦਇਆਕਾ ਪੂਤੁ॥ ਸੰਤੋਖੁ ਥਾਪਿ ਰਖਿਆ ਜਿਨਿ ਸੂਤਿ ॥ ਜੇਕੋ ਬੁਝੈ ਹੋਵੈ ਸਚਿਆਰੁ॥ ਧਵਲੈ ਉਪਰਿ ਕੇਤਾ ਭਾਰੁ ॥ ਧਰਤੀ ਹੋਰੁ ਪਰੈ ਹੋਰੁ ਹੋਰੁ ॥ ਤਿਸਤੇ ਭਾਰੁ ਤਲੈ ਕਵਣੁ ਜੋਰੁ॥ਜੀਅ ਜਾਤਿ ਰੰਗਾ ਕੇ ਨਾਵ ॥ ਸਭਨਾ ਲਿਖਿਆ ਵੁੜੀ ਕਲਾਮ ॥ ਏਹੁ ਲੇਖਾ ਲਿਖਿ ਜਾਣੈ ਕੋਇ॥ ਲੇਖਾ ਲਿਖਿਆ ਕੇਤਾ ਹੋਇ ॥ ਕੇਤਾ ਤਾਣੁ ਸੁਆਲਿਹੁ ਰੂਪੁ॥ ਕੇਤੀ ਦਾਤਿ ਜਾਣੈ ਕੌਣੁ ਕੂਤੁ ॥ ਕੀਤਾ ਪਸਾਉ ਏਕੋ ਕਵਾਉ ॥ ਤਿਸਤੇ ਹੋਏ ਲਖ ਦਰੀਆਉ ॥ ਕੁਦਰਤਿ ਕਵਣ ਕਹਾ ਵੀਚਾਰੁ॥ ਵਾਰਿਆ ਨ ਜਾਵਾ ਏਕ ਵਾਰ ॥ ਜੋਤੁਧੁ ਭਾਵੈ ਸਾਈ ਭਲੀ ਕਾਰ ॥ ਤੂ ਸਦਾ ਸਲਾਮਤਿ ਨਿਰੰਕਾਰ ॥੧੬॥

ਵਿਧੀ—ਇਸ ਪਉੜੀ ਨੂੰ ਸੋਮਵਾਰ ਤੋਂ ਅਰੰਭ ਕਰਕੇ ੪੦ ਦਿਨ ...

Digitized by Panjab Digital Library | www.panjabdigilib.org

੨੦ ਹਜ਼ਾਰ ਜਪੇ। ਰਾਜ ਦਰਬਾਰ ਵਿਚ ਉੱਚੀ ਪਦਵੀ ਮਿਲੇ। ਅਧਰੰਗ ਆਦਿ ਭਿਆਨਕ ਰੋਗ ਨਵਿਰਤ ਹੋਵਣ। ਦੇਹੀ ਕੰਚਨ ਵਰਗੀ ਸੁੰਦਰ ਹੋਵੇ।

(ਪਉੜੀ ਸਤਾਰਵੀਂ)

ਅਸੰਖ ਜਪ ਅਸੰਖ ਭਾਉ ॥ ਅਸੰਖ ਪੂਜਾ ਅਸੰਖ ਤਪ ਤਾਉ॥ ਅਸੰਖ ਗਰੰਥ ਮੁਖਿ ਵੇਦ ਪਾਠ ॥ ਅਸੰਖ ਜੋਗ ਮਨਿ ਰਹਹਿ ਉਦਾਸ ॥ ਅਸੰਖ ਭਗਤ ਗੁਣ ਗਿਆਨ ਵੀਚਾਰ॥ ਅਸੰਖ ਸਤੀ ਅਸੰਖ ਦਾਤਾਰ ॥ ਅਸੰਖ ਸੂਰ ਮੁਹ ਭਖ ਸਾਰ। ਅਸੰਖ ਮੋਨਿ ਲਿਵ ਲਾਇ ਤਾਰ ॥ ਕੁਦਰਤਿ ਕਵਣ ਕਹਾ ਵੀਚਾਰੁ ॥ ਵਾਰਿਆ ਨ ਜਾਵਾ ਏਕ ਵਾਰ ॥ ਜੋ ਤੁਧੁ ਭਾਵੈ ਸਾਈ ਭਲੀ ਕਾਰ ॥ ਤੂ ਸਦਾ ਸਲਾਮਤਿ ਨਿਰੰਕਾਰ ॥ ੧੭ ॥

ਵਿਧੀ–ਇਸ ਪਉੜੀ ਦਾ ੭ ਦਿਨਾਂ ਵਿਚ ੭ ਹਜ਼ਾਰ ਜਾਪ ਕਰਨਾ। ਅੱਖਾਂ ਦੇ ਸਾਰੇ ਰੋਗ ਨਵਿਰਤ ਹੋਵਣ। ਅੰਨ ਧਨ ਦੀ ਬੇਅੰਤ ਪ੍ਰਾਪਤੀ ਹੋਵੇ। ਪਾਠ ਐਤਵਾਰ ਤੋਂ ਅਰੰਭ ਕਰਨਾ।

(ਪਉੜੀ ਅਠਾਰਵੀ)

ਅਸੰਖ ਮੂਰਖ ਅੰਧ ਘੋਰ ॥ ਅਸੰਖ ਚੋਰ ਹਰਾਮ ਖੋਰ ॥ ਅਸੰਖ ਅਮਰ ਕਰਿ ਜਾਹਿ ਜੋਰ ॥ ਅਸੰਖ ਗਲ ਵਢ ਹਤਿਆ ਕਮਾਹਿ ॥ ਅਸੰਖ ਪਾਪੀ ਪਾਪੁ ਕਰਿ ਜਾਹਿ ॥ ਅਸੰਖ ਕੂੜਿਆਰ ਕੂੜੇ ਫਿਰਾਹਿ। ਅਸੰਖ ਮਲੇਛ ਮਲੁ ਭਖਿ ਖਾਹਿ ॥ ਅਸੰਖ ਨਿੰਦਕ ਸਿਰਿ ਕਰਹਿ ਭਾਰੁ। ਨਾਨਕੁ ਨੀਚੁ ਕਹੈ ਵੀਚਾਰੁ ॥ ਵਾਰਿਆ ਨ ਜਾਵਾ ਏਕ ਵਾਰ ॥ ਜੋ ਤੁਧੁ ਭਾਵੈ ਸਾਈ ਭਲੀ ਕਾਰ ॥ ਤੂ ਸਦਾ ਸਲਾਮਤਿ ਨਿਰੰਕਾਰ ॥ ੧੮ ॥

ਵਿਧੀ–ਇਸ ਪਉੜੀ ਦਾ ੨੦ ਦਿਨਾਂ ਵਿਚ ਦਸ ਹਜ਼ਾਰ ਪਾਠ ਕਰਨਾ। ਤਾਪ ਸੰਤਾਪ ਤੇ ਨੇਤਰਾਂ ਦਾ ਅੰਧਕਾਰ ਦੂਰ ਹੋਵੇ। ਪਾਠ ਸ਼ਨਿਚਰਵਾਰ ਤੋਂ ਅਰੰਭ ਕਰਨਾ।

Digitized by Panjab Digital Library, www.panjabdigilib.org

(ਪਉੜੀ ਉਨੀਵੀਂ)

ਅਸੰਖ ਨਾਵ ਅਸੰਖ ਥਾਵ ॥ ਅਗੰਮ ਅਗੰਮ ਅਸੰਖ ਲੋਅ ॥ ਅਸੰਖ ਕਹਹਿ ਸਿਰਿ ਭਾਰੁ ਹੋਇ ॥ ਅਖਰੀ ਨਾਮੁ ਅਖਰੀ ਸਾਲਾਹ॥ ਅਖਰੀ ਗਿਆਨੁ ਗੀਤ ਗੁਣ ਗਾਹ ॥ ਅਖਰੀ ਲਿਖਣੁ ਬੋਲਣੁ ਬਾਣਿ ॥ ਅਖਰਾ ਸਿਰਿ ਸੰਜੋਗੁ ਵਖਾਣਿ ॥ ਜਿਨਿ ਏਹਿ ਲਿਖੇ ਤਿਸੁ ਸਿਰਿ ਨਾਹਿ ॥ ਜਿਵ ਫੁਰਮਾਏ ਤਿਵ ਤਿਵ ਪਾਹਿ ॥ ਜੇਤਾ ਕੀਤਾ ਤੇਤਾ ਨਾਉ ॥ ਵਿਣੁ ਨਾਵੈ ਨਾਹੀ ਕੋ ਥਾਉ ॥ ਕੁਦਰਤਿ ਕਵਣ ਕਹਾ ਵੀਚਾਰੁ ॥ ਵਾਰਿਆ ਨ ਜਾਵਾ ਏਕ ਵਾਰ ॥ ਜੋ ਤੁਧੁ ਭਾਵੈ ਸਾਈ ਭਲੀ ਕਾਰ ॥ ਤੂ ਸਦਾ ਸਲਾਮਤਿ ਨਿਰੰਕਾਰ ॥੧੯॥

ਵਿਧੀ—ਇਸ ਪਉੜੀ ਨੂੰ ਸੋਮਵਾਰ ਤੋਂ ਕਿਸੇ ਸਰੋਵਰ,ਨਦੀਜਾਂ ਦਰਿਆ ਦੇ ਕਿਨਾਰੇ ਬੈਠ ਕੇ ਪਾਠ ਸ਼ੁਰੂ ਕਰੇ ੨੦ ਦਿਨਾਂ ਵਿਚ ੨੦ਹਜ਼ਾਰ ਪਾਠ ਕਰੇ। ਇਸਤ੍ਰੀ ਵਸ ਹੋਵੇ। ਬੇਅੰਤ ਵਰਖਾ ਹੋਵੇ। ਰਾਜ ਦਰਬਾਰ ਵਿਚ ਸਨਮਾਨਮਿਲੇ।

(ਪਉੜੀ ਵੀਹਵੀਂ)

ਭਰੀਐ ਹਥੁ ਪੈਰੁ ਤਨੁ ਦੇਹ ॥ ਪਾਣੀ ਧੋਤੈ ਉਤਰਸੁ ਖੇਹ ॥ ਮੂਤ ਪਲੀਤੀ ਕਪੜੁ ਹੋਇ ॥ ਦੇ ਸਾਬੂਣੁ ਲਈਐ ਓਹੁ ਧੋਇ ॥ ਭਰੀਐ ਮਤਿ ਪਾਪਾ ਕੈ ਸੰਗਿ ॥ ਓਹੁ ਧੋਪੈ ਨਾਵੈ ਕੈ ਰੰਗਿ॥ ਪੁੰਨੀ ਪਾਪੀ ਆਖਣੁਨਾਹਿ॥ ਕਰਿ ਕਰਿ ਕਰਣਾ ਲਿਖਿ ਲੈ ਜਾਹੁ॥ ਆਪੇ ਬੀਜਿ ਆਪੇ ਹੀ ਖਾਹੁ॥ਨਾਨਕ ਹੁਕਮੀ ਆਵਹੁ ਜਾਹੁ ॥੨੦॥

ਵਿਧੀ—ਇਸ ਪਉੜੀ ਨੂੰ ਦਸਾਂ ਦਿਨਾਂ ਵਿਚ੫ ਹਜ਼ਾਰ ਜਪਣਾ। ਪੇਸ਼ਾਬ ਤੇ ਗੁਦਾ ਰੋਗ [ਬਵਾਸੀਰ] ਆਦਿ ਨਵਿਰਤ ਹੋਵਣ। ਦੇਹੀ ਅਰੋਗ ਹੋਵੇ। ਪਾਠ ਸ਼ਨਿਚਰਵਾਰ ਤੋਂ ਅਰੰਭ ਕਰਨਾ।

(ਪਉੜੀ ਇਕੀਵੀਂ)

ਤੀਰਥੁ ਤਪੁ ਦਇਆ ਦਤੁ ਦਾਨੁ ॥ ਜੇਕੋ ਪਾਵੈ ਤਿਲ ਕਾ ਮਾਨੁ ॥ ਸੁਣਿਆ ਮੰਨਿਆ ਮਨਿ ਕੀਤਾ ਭਾਉ ॥ ਅੰਤਰਿ ਗਤਿ ਤੀਰਥਿ ਮਲਿ ਨਾਉ ॥

Digitized by Panjab Digital Library | www.panjabdigilib.org

ਸਭਿ ਗੁਣ ਤੇਰੇ ਮੈ ਨਾਹੀ ਕੋਇ॥ ਵਿਣੁ ਗੁਣ ਕੀਤੇ ਭਗਤਿ ਨ ਹੋਇ॥ ਸੁਅਸਤਿ ਆਥਿ ਬਾਣੀ ਬਰਮਾਉ ॥ ਸਤਿ ਸੁਹਾਣੁ ਸਦਾ ਮਨਿ ਚਾਉ ॥ ਕਵਣੁ ਸੁ ਵੇਲਾ ਵਖਤੁ ਕਵਣੁ ਕਵਣ ਥਿਤਿ ਕਵਣੁ ਵਾਰੁ॥ ਕਵਣਿ ਸਿ ਰੁਤੀ ਮਾਹੁ ਕਵਣੁ ਜਿਤੁ ਹੋਆ ਆਕਾਰੁ॥ ਵੇਲ ਨ ਪਾਈਆ ਪੰਡਤੀ ਜਿ ਹੋਵੈ ਲੇਖੁ ਪੁਰਾਣੁ ॥ ਵਖਤੁ ਨ ਪਾਇਓ ਕਾਦੀਆ ਜਿ ਲਿਖਨਿ ਲੇਖੁ ਕੁਰਾਣੁ ॥ ਥਿਤਿ ਵਾਰੁ ਨਾ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ ॥ ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ ॥ ਕਿਵ ਕਰਿ ਆਖਾ ਕਿਵ ਸਾਲਾਹੀ ਕਿਉ ਵਰਨੀ ਕਿਵ ਜਾਣਾ॥ਨਾਨਕ ਆਖਣਿ ਸਭ ਕੋ ਆਖੈ ਇਕਦੂ ਇਕੁ ਸਿਆਣਾ॥ ਵਡਾ ਸਾਹਿਬੁ ਵਡੀ ਨਾਈ ਕੀਤਾ ਜਾ ਕਾ ਹੋਵੈ॥ ਨਾਨਕ ਜੇ ਕੋ ਆਪੌ ਜਾਣੈ ਅਗੈ ਗਇਆ ਨ ਸੋਹੈ ॥ ੨੧ ॥

ਵਿਧੀ—ਇਸ ਪਉੜੀ ਦਾ ੩੦ ਦਿਨਾਂ ਵਿਚ ੧੮ ਹਜ਼ਾਰ ਪਾਠ ਕਰੇ। ਸ੍ਵਰਗ ਪ੍ਰਾਪਤ ਹੋਵੇ। ਵਜ਼ੀਰ ਦੀ ਪਦਵੀ ਮਿਲੇ। ਮਾਨ ਸਤਕਾਰ ਮਿਲੇ। ਵੀਰ-ਵਾਰ ਤੋਂ ਪਾਠ ਆਰੰਭ ਕਰਨਾ ॥

## (ਪਉੜੀ ਬਾਈਵੀਂ)

ਪਾਤਾਲਾ ਪਾਤਾਲ ਲਖ ਆਗਾਸਾ ਆਗਾਸ॥ ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ॥ ਸਹਸ ਅਠਾਰਹ ਕਹਨਿ ਕਤੇਬਾ ਅਸੁਲੂ ਇਕੁ ਧਾਤੁ॥ ਲੇਖਾ ਹੋਇ ਤ ਲਿਖੀਐ ਲੇਖੈ ਹੋਇ ਵਿਣਾਸੁ॥ ਨਾਨਕ ਵਡਾ ਆਖੀਐ ਆਪੇ ਜਾਣੈ ਆਪੁ ॥ ੨੨ ॥

ਵਿਧੀ—ਇਸ ਪਉੜੀ ਦਾ ਇਕੀ ਦਿਨਾਂ ਵਿਚ ਇਕੀ ਹਜ਼ਾਰ ਜਾਪ ਕਰਨਾ। ਪਾਠ ਬੁਧਵਾਰ ਤੋਂ ਅਰੰਭ ਕਰਨਾ। ਇਸ ਪਉੜੀ ਨਾਲ ਮੰਤਰੇ ਜਲ ਨਾਲ ਇਸਤ੍ਰੀ ਇਸ਼ਨਾਨ ਕਰੇ ਤਾਂ ਬੜਾ ਜੋਧਾ ਪੁਤਰ ਪੈਦਾ ਹੁੰਦਾ ਹੈ।

## (ਪਉੜੀ ਤੇਈਵੀਂ)

ਸਾਲਾਹੀ ਸਾਲਾਹਿ ਏਤੀ ਸੁਰਤਿ ਨ ਪਾਈਆ॥ ਨਦੀਆ ਅਤੈ ਵਾਹ ਪਵਹਿ ਸਮੁੰਦਿ ਨ ਜਾਣੀਅਹਿ॥ ਸਮੁੰਦ ਸਾਹ ਸੁਲਤਾਨੁ ਗਿਰਹਾ ਸੇਤੀ ਮਾ

Digitized by Panjab Digital Library / www.panjabdigilib.org

ਧਨੁ ॥ ਕੀੜੀ ਤੁਲਿ ਨ ਹੋਵਨੀ ਜੇ ਤਿਸੁ ਮਨਹੁ ਨ ਵੀਸਰਹਿ ॥੨੩॥

ਵਿਧੀ–ਇਸ ਪਉੜੀ ਦਾ ਦੁਪਹਿਰ ਸਮੇਂ ਜਲ ਵਿਚ ਖੜੇ ਹੋਕੇ ੨੧ ਦਿਨਾਂ ਵਿਚ੨੧ ਹਜਾਰ ਪਾਠ ਕਰੇ ਤਾਂ ਰਾਜ ਦਰਬਾਰਵਿਚ ਵਜੀਰਦੀਪਦਵੀ ਪ੍ਰਾਪਤ ਹੋਵੇ। ਜਲ ਤੋਂ ਬਾਹਰ ਬੈਠਕੇ ਜਪਣ ਨਾਲ ਦੁਸ਼ਮਨ ਨਾਸ ਹੁੰਦਾ ਹੈ। ਅੰਤਰਮੁਖ ਜਪਣ ਨਾਲ ਮਿਰਗੀ ਰੋਗ ਦੂਰ ਹੋ ਜਾਂਦਾ ਹੈ।

(ਪਉੜੀ ਚੌਵੀਵੀਂ)

ਅੰਤੁ ਨ ਸਿਫਤੀ ਕਹਣਿ ਨ ਅੰਤੁ ॥ ਅੰਤੁ ਨ ਕਰਣੈ ਦੇਣਿ ਨ ਅੰਤੁ ॥ ਅੰਤੁ ਨ ਵੇਖਣਿ ਸੁਣਣਿ ਨ ਅੰਤੁ ॥ ਅੰਤੁ ਨ ਜਾਪੈ ਕਿਆ ਮਨਿ ਮੰਤੁ ॥ ਅੰਤੁ ਨ ਜਾਪੈ ਕੀਤਾ ਆਕਾਰੁ॥ ਅੰਤੁ ਨ ਜਾਪੈ ਪਾਰਾਵਾਰੁ॥ਅੰਤੁ ਕਾਰਣਿ ਕੇਤੇ ਬਿਲਲਾਹਿ॥ ਤਾਕੇ ਅੰਤੁ ਨ ਪਾਏ ਜਾਹਿ॥ ਏਹੁ ਅੰਤੁ ਨ ਜਾਣੈ ਕੋਇ॥ਬਹੁਤਾ ਕਹੀਐ ਬਹੁਤਾ ਹੋਇ॥ ਵਡਾ ਸਾਹਿਬੁ ਊਚਾ ਥਾਉ ॥ ਊਚੇ ਉਪਰਿ ਊਚਾ ਨਾਉ॥ ਏਵਡੁ ਊਚਾ ਹੋਵੈ ਕੋਇ ॥ ਤਿਸੁ ਊਚੇ ਕਉ ਜਾਣੈ ਸੋਇ ॥ ਜੇਵਡੁ ਆਪਿ ਜਾਣੈ ਆਪਿ ਆਪਿ ॥ ਨਾਨਕ ਨਦਰੀ ਕਰਮੀ ਦਾਤਿ ॥ ੨੪ ॥

ਵਿਧੀ–ਇਸ ਪਉੜੀ ਦਾ ੪੦ ਦਿਨਾਂ ਵਿਚ ੨੦ ਹਜ਼ਾਰ ਪਾਠ ਕਰਨ ਨਾਲ ਅਧਸੀਸੀ ਤੇ ਦਾਹੜ ਦੀ ਪੀੜਾ ਨਾਸ ਹੋਵੇ।

(ਪਉੜੀ ਪੰਜੀਵੀਂ)

ਬਹੁਤਾ ਕਰਮੁ ਲਿਖਿਆ ਨ ਜਾਇ ॥ ਵਡਾ ਦਾਤਾ ਤਿਲੁ ਨ ਤਮਾਇ॥ ਕੇਤੇ ਮੰਗਹਿ ਜੋਧ ਅਪਾਰ॥ ਕੇਤਿਆ ਗਣਤ ਨਹੀ ਵੀਚਾਰੁ॥ਕੇਤੇ ਖਪਿ ਤੁਟਹਿ ਵੇਕਾਰ ॥ ਕੇਤੇ ਲੈ ਲੈ ਮੁਕਰੁ ਪਾਹਿ ॥ ਕੇਤੇ ਮੂਰਖ ਖਾਹੀ ਖਾਹਿ॥ ਕੇਤਿਆ ਦੂਖ ਭੂਖ ਸਦ ਮਾਰ ॥ ਏਹਿ ਭਿ ਦਾਤਿ ਤੇਰੀ ਦਾਤਾਰ॥ ਬੰਦਿ ਖਲਾਸੀ ਭਾਣੈ ਹੋਇ॥ ਹੋਰੁ ਆਖਿ ਨ ਸਕੈ ਕੋਇ॥ ਜੇਕੋ ਖਾਇਕੁ ਆਖਣਿ ਪਾਇ॥ ਓਹੁ ਜਾਣੈ ਜੇਤੀਆ ਮੁਹਿ ਖਾਹਿ ॥ ਆਪੇ ਜਾਣੈ ਆਪੇ ਦੇਇ॥ ਆਖਹਿ ਸਿ ਭਿ ਕੇਈ ਕੇਇ॥ ਜਿਸਨੌ ਬਖਸੇ ਸਿਫਤਿ ਸਾਲਾਹ ॥ ਨਾਨਕ ਪਾਤਿਸਾਹੀ ਪਾਤਿਸਾਹੁ ॥੨੫॥

Digitized by Panjab Digital Library / www.panjabdigilib.org
Created with PDF Create, Non-commercial use only. NCH Software

ਵਿਧੀ–ਇਸ ਪਉੜੀ ਦਾ ਐਤਵਾਰ ਤੋਂ ਅਰੰਭ ਕਰਕੇ ੪੦ ਦਿਨਾਂ ਵਿਚ ੨੦ ਹਜ਼ਾਰ ਪਾਠ ਕਰੇ। ਅਣਗਿਣਤ ਧਨ ਪਦਾਰਥ ਤੇ ਸੰਸਾਰਕ ਸੁਖ ਪ੍ਰਾਪਤ ਹੋਣ। ਜਲ ਵਿਚ ਖੜੋਕੇ ਜਪੇ ਤਾਂ ਬੇਅੰਤ ਵਰਖਾ ਹੋਵੇ। ਕਾਲ ਦੀ ਨਵਿਰਤੀ ਹੋਵੇ। ਇਸਤ੍ਰੀ ਦੇ ਮਾਹਵਾਰੀ ਦੇ ਰੋਗ ਨਵਿਰਤੀ ਹੋਵਣ।

## (ਪਉੜੀ ਛਬੀਵੀਂ)

ਅਮੁਲ ਗੁਣ ਅਮੁਲ ਵਾਪਾਰ ॥ ਅਮੁਲ ਵਾਪਾਰੀਏ ਅਮੁਲ ਭੰਡਾਰ ॥ ਅਮੁਲ ਆਵਹਿ ਅਮੁਲ ਲੈ ਜਾਹਿ॥ ਅਮੁਲ ਭਾਇ ਅਮੁਲਾ ਸਮਾਹਿ ॥ ਅਮੁਲ ਧਰਮੁ ਅਮੁਲੁ ਦੀਬਾਣੁ ॥ ਅਮੁਲੁ ਤੁਲੁ ਅਮੁਲੁ ਪਰਵਾਣੁ ॥ ਅਮੁਲੁ ਬਖਸੀਸ ਅਮੁਲੁ ਨੀਸਾਣੁ॥ ਅਮੁਲੁ ਕਰਮੁ ਅਮੁਲੁ ਫੁਰਮਾਣੁ॥ ਅਮੁਲੋ ਅਮੁਲੁ ਆਖਿਆ ਨ ਜਾਇ ॥ ਆਖਿ ਆਖਿ ਰਹੇ ਲਿਵ ਲਾਇ ॥ ਆਖਹਿ ਵੇਦ ਪਾਠ ਪੁਰਾਣ ॥ ਆਖਹਿ ਪੜੇ ਕਰਹਿ ਵਖਿਆਣ ॥ ਆਖਹਿ ਬਰਮੇ ਆਖਹਿ ਇੰਦ ॥ ਆਖਹਿ ਗੋਪੀ ਤੈ ਗੋਵਿੰਦ॥ ਆਖਹਿ ਈਸਰ ਆਖਹਿ ਸਿਧ॥ ਆਖਹਿ ਕੇਤੇ ਕੀਤੇ ਬੁਧ ॥ ਆਖਹਿ ਦਾਨਵ ਆਖਹਿ ਦੇਵ ॥ ਆਖਹਿ ਸੁਰਿਨਰ ਮੁਨਿ ਜਨ ਸੇਵ ॥ ਕੇਤੇ ਆਖਹਿ ਆਖਣਿ ਪਾਹਿ॥ ਕੇਤੇ ਕਹਿ ਕਹਿ ਉਠਿ ਉਠਿ ਜਾਹਿ ॥ ਏਤੇ ਕੀਤੇ ਹੋਰਿ ਕਰੇਹਿ॥ ਤਾ ਆਖਿ ਨ ਸਕਹਿ ਕੇਈ ਕੇਇ॥ ਜੇਵਡੁ ਭਾਵੈ ਤੇਵਡੁ ਹੋਇ॥ ਨਾਨਕ ਜਾਣੈ ਸਾਚਾ ਸੋਇ॥ ਜੇ ਕੋ ਆਖੈ ਬੋਲੁ ਵਿਗਾੜੁ॥ ਤਾ ਲਿਖੀਐ ਸਿਰਿ ਗਾਵਾਰਾ ਗਾਵਾਰੁ ॥ ੨੬ ॥

ਵਿਧੀ–ਇਸ ਪਉੜੀ ਦਾ ਸੋਮਵਾਰ ਤੋਂ ਆਰੰਭ ਕਰਕੇ ੪੧ ਦਿਨ ਹਰ ਰੋਜ ੧੦੮ ਵਾਰ ਪਾਠ ਕਰੇ ਤਾਂ ਸੁਰਗ ਲੋਕ ਦੀ ਪ੍ਰਾਪਤੀ ਹੋਵੇ। ਸੰਧਿਆ ਸਮੇਂ ਜਪਨ ਨਾਲ ਦੁਸ਼ਮਨ ਦੀ ਹਾਨੀ ਹੋਵੇ।

## (ਪਉੜੀ ਸਤਾਈਵੀਂ)

ਸੋ ਦਰੁ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ ॥ ਵਾਜੇ ਨਾਦ ਅਨੇਕ ਅਸੰਖਾ ਕੇਤੇ ਵਾਵਣਹਾਰੇ ॥ ਕੇਤੇ ਰਾਗ ਪਰੀ ਸਿਉ ਕਹੀਅਨਿ ਕੇਤੇ

Digitized by Panjab Digital Library / www.panjabdigilib.org

ਗਾਵਣਹਾਰੇ ॥ ਗਾਵਹਿ ਤੁਹਨੋ ਪਉਣੁ ਪਾਣੀ ਬੈਸੰਤਰੁ ਗਾਵੈ ਰਾਜਾ ਧਰਮੁ ਦੁਆਰੇ॥ ਗਾਵਹਿ ਚਿਤੁ ਗੁਪਤੁ ਲਿਖਿ ਜਾਣਹਿ ਲਿਖਿ ਲਿਖਿ ਧਰਮ ਵੀਚਾਰੇ॥ ਗਾਵਹਿ ਈਸਰੁ ਬਰਮਾ ਦੇਵੀ ਸੋਹਨਿ ਸਦਾ ਸਵਾਰੇ॥ਗਾਵਹਿ ਇੰਦ ਇਦਾਸਣਿ ਬੈਠੇ ਦੇਵਤਿਆ ਦਰਿ ਨਾਲੇ॥ ਗਾਵਹਿ ਸਿਧ ਸਮਾਧੀ ਅੰਦਰਿ ਗਾਵਨਿ ਸਾਧ ਵਿਚਾਰੇ ॥ ਗਾਵਨਿ ਜਤੀ ਸਤੀ ਸੰਤੋਖੀ ਗਾਵਹਿ ਵੀਰ ਕਰਾਰੇ ॥ ਗਾਵਨਿ ਪੰਡਿਤ ਪੜਨਿ ਰਖੀਸਰ ਜੁਗੁ ਜੁਗੁ ਵੇਦਾ ਨਾਲੇ ॥ ਗਾਵਹਿ ਮੋਹਣੀਆ ਮਨ ਮੋਹਨਿ ਸੁਰਗਾ ਮਛ ਪਇਆਲੇ॥ਗਾਵਨਿ ਰਤਨ ਉਪਾਏ ਤੇਰੇ ਅਠਸਠਿ ਤੀਰਥ ਨਾਲੇ॥ ਗਾਵਹਿ ਜੋਧ ਮਹਾਬਲ ਸੂਰਾ ਗਾਵਹਿ ਖਾਣੀ ਚਾਰੇ॥ ਗਾਵਹਿ ਖੰਡ ਮੰਡਲ ਵਰਭੰਡਾ ਕਰਿ ਕਰਿ ਰਖੇ ਧਾਰੇ ॥ ਸੇਈ ਤੁਧੁਨੋ ਗਾਵਹਿ ਜੋ ਤੁਧੁ ਭਾਵਨਿ ਰਤੇ ਤੇਰੇ ਭਗਤ ਰਸਾਲੇ॥ਹੋਰਿ ਕੇਤੇ ਗਾਵਨਿ ਸੇ ਮੈ ਚਿਤਿ ਨ ਆਵਨਿ ਨਾਨਕੁ ਕਿਆ ਵੀਚਾਰੇ॥ ਸੋਈ ਸੋਈ ਸਦਾ ਸਚੁ ਸਾਹਿਬੁ ਸਾਚਾ ਸਾਚੀ ਨਾਈ॥ ਹੈਭੀ ਹੋਸੀ ਜਾਇਨ ਜਾਸੀ ਰਚਨਾ ਜਿਨਿ ਰਚਾਈ॥ਰੰਗੀ ਰੰਗੀ ਭਾਤੀ ਕਰਿਕਰਿ ਜਿਨਸੀ ਮਾਇਆ ਜਿਨਿ ਉਪਾਈ॥ਕਰਿ ਕਰਿ ਵੇਖੈ ਕੀਤਾ ਆਪਣਾ ਜਿਵਤਿਸ ਦੀ ਵਡਿਆਈ ॥ ਜੋ ਤਿਸੁ ਭਾਵੈ ਸੋਈ ਕਰਸੀ ਹੁਕਮੁ ਨ ਕਰਣਾ ਜਾਈ ॥ ਸੋ ਪਾਤਿਸਾਹੁ ਸਾਹਾ ਪਾਤਿਸਾਹਿਬੁ ਨਾਨਕ ਰਹਣੁ ਰਜਾਈ ॥ ੨੭ ॥

ਵਿਧੀ—ਇਸ ਪਉੜੀ ਦਾ ਅੰਮ੍ਰਿਤ ਵੇਲੇ ੨੧ ਦਿਨਾਂ ਵਿਚ ੨੧ ਹਜ਼ਾਰ ਪਾਠ ਕਰੇ ਤਾਂ ਹਰ ਤਰਾਂ ਦੇ ਰੋਗ ਤੇ ਸੰਗ੍ਰਹਿਣੀ ਵਰਗੇ ਭਿਆਨਕ ਰੋਗ ਦੂਰ ਹੋਵਣ। ਇਸ ਪਉੜੀ ਦੇ ਜਾਪ ਸਮੇਂ ਮੰਤਰਿਆ ਜਲ ਜਿਸ ਰੋਗੀ ਨੂੰ ਦਿਤਾ ਜਾਵੇਗਾ ਉਸ ਦੇ ਸਾਰੇ ਰੋਗ ਨਾਸ ਹੋ ਜਾਂਦੇ ਹਨ।

## (ਪਉੜੀ ਅਠਾਈਵੀਂ)

ਮੁੰਦਾ ਸੰਤੋਖੁ ਸਰਮੁ ਪਤੁ ਝੋਲੀ ਧਿਆਨ ਕੀ ਕਰਹਿ ਬਿਭੂਤਿ ॥ ਖਿੰਥਾ ਕਾਲੁ ਕੁਆਰੀ ਕਾਇਆ ਜੁਗਤਿ ਡੰਡਾ ਪਰਤੀਤਿ॥ਆਈ ਪੰਥੀ ਸਗਲ ਜਮਾਤੀ ਮਨਿ ਜੀਤੈ ਜਗੁ ਜੀਤੁ ॥ ਆਦੇਸੁ ਤਿਸੈ ਆਦੇਸੁ ॥ ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ ॥ ੨੮ ॥

Digitized by Panjab Digital Library | www.panjabdigilib.org

ਵਿਧੀ—ਇਸ ਪਉੜੀ ਦਾ ਪਾਠ ਐਤਵਾਰ ਤੋਂ ਸ਼ੁਰੂ ਕਰਨਾ । ਦਸ ਦਿਨਾਂ ਵਿਚ ੫ ਹਜ਼ਾਰ ਪਾਠ ਕਰਨਾ। ਅਤੀਸਾਰ ਤੇ ਸੰਗ੍ਰਹਿਣੀ ਰੋਗ ਨਾਸ ਹੋਵੇ।

(ਪਉੜੀ ਉਨੱਤੀਵੀਂ)

ਭੁਗਤਿ ਗਿਆਨੁ ਦਇਆ ਭੰਡਾਰਣਿ ਘਟਿ ਘਟਿ ਵਾਜਹਿ ਨਾਦ ॥ ਆਪਿ ਨਾਥੁ ਨਾਥੀ ਸਭ ਜਾ ਕੀ ਰਿਧਿ ਸਿਧਿ ਅਵਰਾ ਸਾਦ ॥ ਸੰਜੋਗੁ ਵਿਜੋਗੁ ਦੁਇ ਕਾਰ ਚਲਾਵਹਿ ਲੇਖੇ ਆਵਹਿ ਭਾਗ ॥ ਆਦੇਸੁ ਤਿਸੈ ਆਦੇਸੁ ॥ ਆਦਿ ਅਨੀਲ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ ॥ ੨੯ ॥

ਵਿਧੀ—ਵੀਰਵਾਰ ਤੋਂ ਸ਼ੁਰੂ ਕਰਕੇ ੨੨ ਦਿਨਾਂ ਵਿਚ ੧੦ ਹਜ਼ਾਰ ਪਾਠ ਇਸ ਪਉੜੀ ਦਾ ਕਰਨਾ। ਸਰਬ ਰੋਗ ਨਾਸ ਹੋਵਣ। ਬੁਧਵਾਰ ਤੋਂ ਆਰੰਭ ਕਰੇ ਤਾਂ ਦੁਸ਼ਮਨ ਨਾਸ ਹੋਵੇ।

(ਪਉੜੀ ਤੀਹਵੀਂ)

ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ ॥ ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ॥ ਜਿਵ ਤਿਸੁ ਭਾਵੈ ਤਿਵੈ ਚਲਾਵੈ ਜਿਵ ਹੋਵੈ ਫੁਰਮਾਣੁ ॥ ਓਹੁ ਵੇਖੈ ਓਨਾ ਨਦਰਿ ਨ ਆਵੈ ਬਹੁਤਾ ਏਹੁ ਵਿਡਾਣੁ ॥ ਆਦੇਸੁ ਤਿਸੈ ਆਦੇਸੁ॥ ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ ॥੩੦॥

ਵਿਧੀ—ਇਸ ਪਉੜੀ ਦਾ ਸਤਾਂ ਦਿਨਾਂ ਵਿਚ ੪੧ ਸੌ ਪਾਠ ਕਰਨਾ। ਇਸ ਪਉੜੀ ਨਾਲ ਮੰਤਰਿਆ ਜਲ ਦੇਣ ਨਾਲ ਇਸਤ੍ਰੀ ਦਾ ਅਠਰਾਹ ਰੋਗ ਦੂਰ ਹੋਵੇ। ਬੱਚਿਆਂ ਦਾ ਸੋਕੜਾ ਰੋਗ ਨਾਸ ਹੋਵੇ। ਭੂਤ ਪਰੇਤ ਦਾ ਸਾਇਆ ਨਵਿਰਤ ਹੋਵੇ।

(ਪਉੜੀ ਇਕੱਤੀਵੀਂ)

ਆਸਣੁ ਲੋਇ ਲੋਇ ਭੰਡਾਰ ॥ ਜੋ ਕਿਛੁ ਪਾਇਆ ਸੁ ਏਕਾ ਵਾਰ ॥ ਕਰਿ ਕਰਿ ਵੇਖੈ ਸਿਰਜਣਹਾਰੁ ॥ ਨਾਨਕ ਸਚੇ ਕੀ ਸਾਚੀ ਕਾਰ॥ ਆਦੇਸੁ ਤਿਸੈ

Digitized by Panjab Digital Library / www.panjabdigilib.org

ਆਦੇਸੁ ॥ ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ ।੩੧॥

ਵਿਧੀ–ਇਸ ਪਉੜੀ ਦਾ ਪਾਠ ਮੰਗਲਵਾਰ ਤੋਂ ਆਰੰਭ ਕਰਕੇ ੨੧ ਦਿਨਾਂ ਵਿਚ ਇਕੀ ਸੌ ਪਾਠ ਕਰਨਾ। ਕੋਲ ਜਲ ਦਾ ਗੜਵਾ ਰਖਣਾ। ਇਹ ਜਲ ਜਿਸ ਇਸਤ੍ਰੀ ਨੂੰ ਦਿੱਤਾ ਜਾਏ ਉਸ ਨੂੰ ਗਰਭ ਠਹਿਰੇ। ਸੁੰਦਰ ਪੁਤਰ ਪੈਦਾ ਹੋਵੇ।

(ਪਉੜੀ ਬੱਤੀਵੀਂ)

ਇਕਦੂ ਜੀਭੌ ਲਖ ਹੋਹਿ ਲਖ ਹੋਵਹਿ ਲਖਵੀਸ ॥ ਲਖੁ ਲਖੁ ਗੇੜਾ ਆਖੀਅਹਿ ਏਕੁ ਨਾਮੁ ਜਗਦੀਸ ॥ ਏਤੁ ਰਾਹਿ ਪਤਿ ਪਵੜੀਆ ਚੜੀਐ ਹੋਇ ਇਕੀਸ ॥ ਸੁਣਿ ਗਲਾ ਆਕਾਸ ਕੀ ਕੀਟਾ ਆਈ ਰੀਸ ॥ ਨਾਨਕ ਨਦਰੀ ਪਾਈਐ ਕੂੜੀ ਕੂੜੈ ਠੀਸ ॥ ੩੨ ॥

ਵਿਧੀ–ਇਸ ਪਉੜੀ ਦਾ ੪੦ ਦਿਨਾਂ ਵਿਚ ਵੀਹ ਹਜ਼ਾਰ ਪਾਠ ਕਰੇ। ਵਾਕ ਸਿਧ ਹੋਵੇ। ਪ੍ਰਾਤਾਕਾਲ ਜਪੇ ਜ਼ਬਾਨ ਖੁਲ੍ਹੇ।

(ਪਉੜੀ ਤੇਤੀਵੀਂ)

ਆਖਣਿ ਜੋਰੁ ਚੁਪੈ ਨਹ ਜੋਰੁ ॥ ਜੋਰੁ ਨ ਮੰਗਣਿ ਦੇਣਿ ਨ ਜੋਰੁ ॥ ਜੋਰੁ ਨ ਜੀਵਣਿ ਮਰਣਿ ਨਹ ਜੋਰੁ ॥ ਜੋਰੁ ਨ ਰਾਜਿ ਮਾਲਿ ਮਨਿ ਸੋਰੁ ॥ ਜੋਰੁ ਨ ਸੁਰਤੀ ਗਿਆਨਿ ਵੀਚਾਰਿ॥ ਜੋਰੁ ਨ ਜੁਗਤੀ ਛੁਟੈ ਸੰਸਾਰੁ ॥ ਜਿਸੁ ਹਥਿ ਜੋਰੁ ਕਰਿ ਵੇਖੈ ਸੋਇ ॥ ਨਾਨਕ ਉਤਮੁ ਨੀਚੁ ਨ ਕੋਇ ॥ ੩੩ ॥

ਵਿਧੀ–ਇਸ ਪਉੜੀ ਦਾ ਜਾਪੁ ਛਨਿਚਰਵਾਰ ਤੋਂ ਆਰੰਭ ਕਰੇ ੪੧ ਦਿਨਾਂ ਵਿਚ ੨੧ ਹਜਾਰ ਪਾਠ ਕਰਨ ਨਾਲ ਨਗਰ ਸਭਾ ਵਿਚ ਉੱਚੀ ਪਦਵੀ ਮਿਲੇ। ਰਾਜਾ ਅਧੀਨ ਹੋਵੇ। ਨੇਤਰ ਰੋਗ ਨਾਸ ਹੋਵਣ।

Digitized by Panjab Digital Library | www.panjabdigilib.org

## (ਪਉੜੀ ਚੌਤੀਵੀਂ)

ਰਾਤੀ ਰੁਤੀ ਥਿਤੀ ਵਾਰ ॥ ਪਵਣ ਪਾਣੀ ਅਗਨੀ ਪਾਤਾਲ ॥ ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮਸਾਲ ॥ ਤਿਸੁ ਵਿਚਿ ਜੀਅ ਜੁਗਤਿ ਕੇ ਰੰਗ ॥ ਤਿਨ ਕੇ ਨਾਮ ਅਨੇਕ ਅਨੰਤ ॥ ਕਰਮੀ ਕਰਮੀ ਹੋਇ ਵੀਚਾਰੁ ॥ ਸਚਾ ਆਪਿ ਸਚਾ ਦਰਬਾਰੁ ॥ ਤਿਥੈ ਸੋਹਨਿ ਪੰਚ ਪਰਵਾਣੁ ॥ ਨਦਰੀ ਕਰਮਿ ਪਵੈ ਨੀਸਾਣੁ ॥ ਕਚ ਪਕਾਈ ਓਥੈ ਪਾਇ ॥ ਨਾਨਕ ਗਇਆ ਜਾਪੈ ਜਾਇ ॥ ੩੪ ॥

ਵਿਧੀ–ਇਸ ਪਉੜੀ ਦਾ ਐਤਵਾਰ ਤੋਂ ਪਾਠ ਸ਼ੁਰੂ ਕਰੋ। ੨੧ ਦਿਨਾਂ ਵਿਚ ਹਰ ਰੋਜ ਇਕ ਹਜਾਰ ਪਾਠ ਕਰੇ। ਜੋਤਿਸ਼ ਵਿਦਿਆ ਦਾ ਗਿਆਨ ਪ੍ਰਾਪਤ ਹੋਵੇ। ਮੰਗਲਵਾਰ ਤੋਂ ਆਰੰਭ ਕਰੇ ਤਾਂ ਭੂਤ ਪਰੇਤ ਦਾ ਸਾਇਆ ਦੂਰ ਹੋਵੇ। ਸੰਤਾਨ ਦਾ ਵਾਸਾ ਹੋਵੇ।

## (ਪਉੜੀ ਪੈਂਤੀਵੀਂ)

ਧਰਮ ਖੰਡ ਕਾ ਏਹੋ ਧਰਮੁ ॥ ਗਿਆਨ ਖੰਡ ਕਾ ਆਖਹੁ ਕਰਮੁ ॥ ਕੇਤੇ ਪਵਣ ਪਾਣੀ ਵੈਸੰਤਰ ਕੇਤੇ ਕਾਨ ਮਹੇਸ॥ ਕੇਤੇ ਬਰਮੇ ਘਾੜਤਿ ਘੜੀਅਹਿ ਰੂਪ ਰੰਗ ਕੇ ਵੇਸ ॥ ਕੇਤੀਆ ਕਰਮ ਭੂਮੀ ਮੇਰ ਕੇਤੇ ਕੇਤੇ ਧੂ ਉਪਦੇਸ ॥ ਕੇਤੇ ਇੰਦ ਚੰਦ ਸੂਰ ਕੇਤੇ ਕੇਤੇ ਮੰਡਲ ਦੇਸ ॥ ਕੇਤੇ ਸਿਧ ਬੁਧ ਨਾਥ ਕੇਤੇ ਕੇਤੇ ਦੇਵੀ ਵੇਸ ॥ ਕੇਤੇ ਦੇਵ ਦਾਨਵ ਮੁਨਿ ਕੇਤੇ ਕੇਤੇ ਰਤਨ ਸਮੁੰਦ ॥ ਕੇਤੀਆ ਖਾਣੀ ਕੇਤੀਆ ਬਾਣੀ ਕੇਤੇ ਪਾਤ ਨਰਿੰਦ ॥ ਕੇਤੀਆ ਸੁਰਤੀ ਸੇਵਕ ਕੇਤੇ ਨਾਨਕ ਅੰਤੁ ਨ ਅੰਤੁ ॥ ੩੫ ॥

ਵਿਧੀ–ਇਸ ਪਉੜੀ ਦਾ ਐਤਵਾਰ ਤੋਂ ਆਰੰਭ ਕਰਕੇ ੨੧ ਦਿਨਾਂ ਵਿਚ ਇਕੀ ਸੌ ਪਾਠ ਕਰਨਾ। ਕੋਲ ਰਖਿਆ ਜਲ ਕੁਸ਼ਟੀ ਤੇ ਭਗੰਦਰ ਦੇ ਰੋਗੀ ਨੂੰ ਦਿੱਤਾ ਜਾਵੇ ਤਾਂ ਰੋਗ ਨਵਿਰਤ ਹੋਵੇ। ਹਰ ਤਰ੍ਹਾਂ ਦੇ ਪਦਾਰਥਾਂ ਦੀ ਪ੍ਰਾਪਤ ਹੋਵੇ।

Digitized by Panjab Digital Library / www.panjabdigilib.org

(ਪਉੜੀ ਛਤੀਵੀਂ)

ਗਿਆਨ ਖੰਡ ਮਹਿ ਗਿਆਨੁ ਪਰਚੰਡੁ ॥ ਤਿਥੈ ਨਾਦ ਬਿਨੋਦ ਕੋਡ ਅਨੰਦੁ ॥ ਸਰਮ ਖੰਡ ਕੀ ਬਾਣੀ ਰੂਪੁ ॥ ਤਿਥੈ ਘਾੜਤਿ ਘੜੀਐ ਬਹੁਤੁ ਅਨੂਪੁ॥ ਤਾਕੀਆ ਗਲਾ ਕਥੀਆ ਨ ਜਾਹਿ ਜੇ ਕੋ ਕਹੈ ਪਿਛੈ ਪਛੁਤਾਇ ॥ ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ॥ ਤਿਥੈ ਘੜੀਐ ਸੁਰਾ ਸਿਧਾ ਕੀ ਸੁਧ ॥੩੬॥

ਵਿਧੀ—ਇਸ ਪਉੜੀ ਨੂੰ ਵੀਰਵਾਰ ਅੰਮ੍ਰਿਤ ਵੇਲੇ ਤੋਂ ਆਰੰਭ ਕਰਕੇ ਚਾਲੀ ਦਿਨ ਹਰ ਰੋਜ ੧੦੯ ਵਾਰ ਜਪਣਾ। ਗਿਆਨ, ਵੈਰਾਗਤੇ ਭਗਤੀ ਦੀ ਦਾਤ ਪ੍ਰਾਪਤ ਹੁੰਦੀ ਹੈ। ਸਭ ਤਰ੍ਹਾਂ ਦੇ ਪਾਪ ਨਾਸ ਹੋ ਜਾਂਦੇ ਹਨ। ਐਤਵਾਰ ਤੋਂ ਆਰੰਭ ਕਰੇ ਤਾਂ ਅਦ੍ਰਿਸ਼ਟ ਵਸਤੂ ਪ੍ਰਾਪਤ ਹੋਵੇ।

(ਪਉੜੀ ਸੈਂਤੀਵੀਂ)

ਕਰਮ ਖੰਡ ਕੀ ਬਾਣੀ ਜੋਰੁ ॥ ਤਿਥੈ ਹੋਰੁ ਨ ਕੋਈ ਹੋਰੁ ॥ ਤਿਥੈ ਜੋਧ ਮਹਾਬਲ ਸੂਰ॥ ਤਿਨ ਮਹਿ ਰਾਮੁ ਰਹਿਆ ਭਰਪੂਰ॥ ਤਿਥੈ ਸੀਤੋ ਸੀਤਾ ਮਹਿਮਾ ਮਾਹਿ ॥ ਤਾ ਕੇ ਰੂਪ ਨ ਕਥਨੇ ਜਾਹਿ॥ ਨਾ ਓਹਿ ਮਰਹਿ ਨ ਠਾਗੇ ਜਾਹਿ॥ ਜਿਨ ਕੈ ਰਾਮੁ ਵਸੈ ਮਨ ਮਾਹਿ॥ ਤਿਥੈ ਭਗਤ ਵਸਹਿ ਕੇ ਲੋਅ॥ ਕਰਹਿ ਅਨੰਦੁ ਸਚਾ ਮਨ ਸੋਇ ॥ ਸਚ ਖੰਡਿ ਵਸੈ ਨਿਰੰਕਾਰੁ ॥ ਕਰਿ ਕਰਿ ਵੇਖੈ ਨਦਰਿ ਨਿਹਾਲ॥ ਤਿਥੈ ਖੰਡ ਮੰਡਲ ਵਰਭੰਡ ॥ ਜੇ ਕੋ ਕਥੈ ਤ ਅੰਤ ਨ ਅੰਤ ॥ ਤਿਥੈ ਲੋਅ ਲੋਅ ਆਕਾਰ॥ ਜਿਵ ਜਿਵ ਹੁਕਮੁ ਤਿਵੈ ਤਿਵ ਕਾਰ ॥ ਵੇਖੈ ਵਿਗਸੈ ਕਰਿ ਵੀਚਾਰੁ ॥ ਨਾਨਕ ਕਥਨਾ ਕਰੜਾ ਸਾਰੁ ॥੩੭॥

ਵਿਧੀ—ਇਸ ਪਉੜੀ ਨੂੰ ੧੩ ਦਿਨਾਂ ਵਿਚ ੧੩ਸੌ ਜਪੋ। ਮੰਗਲਵਾਰ ਤੋਂ ਆਰੰਭ ਕਰਨਾ। ਪੂਰਬ ਜਨਮ ਦੇ ਪਾਪ ਨਵਿਰਤ ਹੋਵਣ। ਦਿਬ ਦ੍ਰਿਸ਼ਟੀ ਪ੍ਰਾਪਤ ਹੋਵੇ।

(ਪਉੜੀ ਅੱਠਤੀਵੀਂ)

ਜਤੁ ਪਾਹਾਰਾ ਧੀਰਜੁ ਸੁਨਿਆਰੁ ॥ ਅਹਰਣਿ ਮਤਿ ਵੇਦੁ ਹਥੀਆਰੁ ॥

© Digitized by Panjab Digital Library / www.panjabdigilib.org

ਭਉ ਖਲਾ ਅਗਨਿ ਤਪ ਤਾਉ॥ ਭਾਂਡਾ ਭਾਉ ਅੰਮ੍ਰਿਤੁ ਤਿਤੁ ਢਾਲਿ॥ ਘੜੀਐ ਸਬਦੁ ਸਚੀ ਟਕਸਾਲ ॥ ਜਿਨ ਕਉ ਨਦਰਿ ਕਰਮੁ ਤਿਨ ਕਾਰ ॥ ਨਾਨਕ ਨਦਰੀ ਨਦਰਿ ਨਿਹਾਲ ॥ ੩੮ ॥

ਵਿਧੀ—ਇਸ ਪਉੜੀ ਨੂੰ ਸੋਮਵਾਰ ਤੋਂ ਆਰੰਭ ਕਰਕੇ ੫ ਹਜ਼ਾਰ ਪਾਠ ੧੦ ਦਿਨਾਂ ਵਿਚ ਕਰਨਾ। ਮਨ ਦੀ ਸ਼ਾਂਤੀ ਮਿਲੇ। ਵਿਸ਼ੇ ਵਿਕਾਰ ਨਾਸ ਹੋਵਣ। ਸਭ ਇਛਾਵਾਂ ਪੂਰਨ ਹੋਣ। ਸਰੀਰ ਦੀਆਂ ਪੀੜਾਂ ਨਾਸ ਹੋਵਣ।

ਸਲੋਕੁ ॥

ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ॥ ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ ॥ ਚੰਗਿਆਈਆ ਬੁਰਿਆਈਆ ਵਾਚੈ ਧਰਮੁ ਹਦੂਰਿ ॥ ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ ॥ ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ ॥ ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ ॥ ੧ ॥

ਵਿਧੀ—ਇਸ ਸਲੋਕ ਦਾ ਪਾਠ ਵੀਰਵਾਰ ਤੋਂ ਆਰੰਭ ਕਰਨਾ। ੨੧ ਦਿਨ ਹਰ ਰੋਜ਼ ੫ ਸੌ ਜਪਣਾ। ਬ੍ਰਹਮ ਹਤਿਆ, ਗੁਰੂ ਧਰੋਹ ਦਾ ਪਾਪ, ਤੇ ਹੋਰ ਸਭ ਸੰਤਾਪ ਨਵਿਰਤ ਹੋਵਣ। ਹਿਰਦਾ ਸ਼ੁਧ ਤੇ ਪਵਿੱਤਰ ਹੋਵੇ। ਪ੍ਰਭੂ ਦੀ ਪ੍ਰਾਪਤੀ ਹੋਵੇ।

ਬੋਲੋ ਸਤਿਨਾਮ ਸ੍ਰੀ ਵਾਹਿਗੁਰੂ।

ਜਪੁਜੀ ਸਾਹਿਬ

ਦਾ

ਮਹਾਤਮ ਸੰਪੂਰਨ ਹੋਇਆ।

Digitized by Panjab Digital Library / www.panjabdigilib.org

## ਸ਼ਬਦ ਨੰ: ੧

ੴ ਸਤਿਗੁਰ ਪ੍ਰਸਾਦਿ ॥
ਸ੍ਰੀ ਮੁਖਵਾਕ ਪਾਤਸ਼ਾਹੀ ੧੦ ॥

ਛਪੈ ਛੰਦ॥ ਤ੍ਵ ਪ੍ਰਸਾਦਿ ॥

ਚੱਕ੍ਰ ਚਿਹਨ ਅਰੁ ਬਰਨ ਜਾਤਿ ਅਰੁ ਪਾਤਿ ਨਹਿਨ ਜਿਹ ॥ ਰੂਪ ਰੰਗ ਅਰੁ ਰੇਖ ਭੇਖ ਕੋਊ ਕਹਿ ਨ ਸਕਤਿ ਕਿਹ ॥ ਅਚਲ ਮੂਰਤਿ ਅਨੁਭਵ ਪ੍ਰਕਾਸ ਅਮਿਤੋਜ ਕਹਿੱਜੈ॥ ਕੋਟਿ ਇੰਦ੍ਰ ਇੰਦ੍ਰਾਣਿ ਸਾਹਿ ਸਾਹਾਣਿ ਗਣਿੱਜੈ॥ ਤ੍ਰਿਭਵਣ ਮਹੀਪ ਸੁਰ ਨਰ ਅਸੁਰ ਨੇਤਿ ਨੇਤਿ ਬਨ ਤ੍ਰਿਣ ਕਹਤ॥ ਤਵ ਸਰਬ ਨਾਮ ਕੱਥੈ ਕਵਨ ਕਰਮ ਨਾਮ ਬਰਨਤ ਸੁਮਤਿ ॥ ੧ ॥

[ਜਾਪੁ ਸਾਹਿਬ]

ਵਿਧੀ—ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਇਹ ਸਬਦ ਅੰਮ੍ਰਿਤ ਵੇਲੇ ਹਰ ਰੋਜ਼ ੧੦੮ ਵਾਰ ੪੦ ਦਿਨ ਜਪਣ ਨਾਲ ਅਕਾਲ ਪੁਰਖ ਦਾ ਹਿਰਦੇ ਵਿਚ ਨਿਵਾਸ ਹੁੰਦਾ ਹੈ ਤੇ ਸਭ ਪ੍ਰਕਾਰ ਦੇ ਵਿਘਨ ਨਾਸ ਹੋ ਜਾਂਦੇ ਹਨ। ਇਸ ਨੂੰ ਸਦਾ ਜਪਦੇ ਰਹਿਣ ਨਾਲ ਪ੍ਰਮਾਤਮਾਂ ਦੀ ਮਿਹਰ ਬਣੀ ਰਹਿੰਦੀ ਹੈ।

## ਸ਼ਬਦ ਨੰ: ੨

ਹਮ ਅਵਗੁਣਿ ਭਰੇ ਏਕੁ ਗੁਣੁ ਨਾਹੀ ਅੰਮ੍ਰਿਤੁ ਛਾਡਿ ਬਿਖੈ ਬਿਖੁ ਖਾਈ ॥ ਮਾਯਾ ਮੋਹ ਭਰਮ ਪੈ ਭੂਲੇ ਸੁਤ ਦਾਰਾ ਸਿਉ ਪ੍ਰੀਤਿ ਲਗਾਈ॥ ਇਕੁ ਉਤਮ ਪੰਥੁ ਸੁਨਿਓ ਗੁਰ ਸੰਗਤਿ ਤਿਹ ਮਿਲੰਤ ਜਮ ਤ੍ਰਾਸ ਮਿਟਾਈ। ਇਕ ਅਰਦਾਸ ਭਾਟ ਕੀਰਤਿ ਕੀ ਗੁਰ ਰਾਮਦਾਸ ਰਾਖਹੁ ਸਰਣਾਈ ॥ ੪ ॥ ੫੮

[ਸਵਈਏ ਮਹਲੇ ਚਉਥੇ ਕੇ

ਵਿਧੀ—ਇਸ ਸ਼ਬਦ ਨੂੰ ਹਰ ਰੋਜ਼ ਅੰਮ੍ਰਿਤ ਵੇਲੇ ਇਸ਼ਨਾਨ ਕਰਨ ਤੋਂ ਬਾਅਦ ੨੧ ਵਾਰ ਰੋਜ਼ਾਨਾ ਜਪੋ ਸ੍ਰੀ ਗੁਰੂ ਰਾਮਦਾਸ ਜੀ ਦਾ ਤੁਹਾਡੇ ਹਿਰਦੇ

Digitized by Panjab Digital Library | www.panjabdigilib.org

ਵਿਚ ਨਿਵਾਸ ਹੋਵੇਗਾ ਤੇ ਸਤਿਗੁਰੂ ਦੇ ਦਰੋਂ ਬੇਅੰਤ ਬਖਸ਼ਿਸ਼ਾਂ ਪ੍ਰਾਪਤ ਹੋਣਗੀਆਂ।

## ਸ਼ਬਦ ਨੰ: ੩

ੴ ਵਾਹਿਗੁਰੂ ਜੀ ਕੀ ਫਤਹ ॥
ਸ੍ਰੀ ਮੁਖਵਾਕ ਪਾਤਿਸ਼ਾਹੀ ੧੦ ॥
ਤ੍ਵਪ੍ਰਸਾਦਿ ॥ ਚੌਪਈ ॥

ਪ੍ਰਣਵੋ ਆਦਿ ਏਕੰਕਾਰਾ ॥ ਜਲਿ ਥਲਿ ਮਹੀਅਲਿ ਕੀਓ ਪਸਾਰਾ ॥ ਆਦਿ ਪੁਰਖੁ ਅਬਗਤੁ ਅਬਿਨਾਸੀ ॥ ਲੋਕ ਚਤੁਰਦਸ ਜੋਤਿ ਪ੍ਰਕਾਸੀ ॥ ੧ ॥ ਹਸਤਿ ਕੀਟ ਕੇ ਬੀਚ ਸਮਾਨਾ ॥ ਰਾਵ ਰੰਕ ਜਿਹ ਇਕ ਸਰ ਜਾਨਾ ॥ ਅਦ੍ਵੈ ਅਲਖ ਪੁਰਖੁ ਅਬਿਗਾਮੀ ॥ ਸਭ ਘਟ ਘਟ ਕੇ ਅੰਤਰਜਾਮੀ ॥ ੨ ॥ ਅਲਖ ਰੂਪੁ ਅਛੈ ਅਨਭੇਖਾ ॥ ਰਾਗ ਰੰਗ ਜਿਹ ਰੂਪ ਨ ਰੇਖਾ ॥ ਬਰਨ ਚਿਹਨ ਸਭਹੂ ਤੇ ਨਿਆਰਾ ॥ ਆਦਿ ਪੁਰਖ ਅਦ੍ਵੈ ਅਬਿਕਾਰਾ ॥ ੩ ॥ ਬਰਨ ਚਿਹਨ ਜਿਹ ਜਾਤਿ ਨ ਪਾਤਾ ॥ ਸ਼ੱਤ੍ਰ ਮਿੱਤ੍ਰ ਜਿਹ ਤਾਤ ਨ ਮਾਤਾ ॥ ਸਭ ਤੇ ਦੂਰਿ ਸਭਨ ਤੇ ਨੇਰਾ ॥ ਜਲਿ ਥਲਿ ਮਹੀਅਲਿ ਜਾਹਿ ਬਸੇਰਾ ॥ ੪ ॥ ਅਨਹਦ ਰੂਪ ਅਨਾਹਦ ਬਾਨੀ ॥ ਚਰਨ ਸਰਨ ਜਿਹ ਬਸਤ ਭਵਾਨੀ ॥ ਬ੍ਰਹਮਾ ਬਿਸ਼ਨ ਅੰਤ ਨਹੀ ਪਾਇਓ ॥ ਨੇਤਿ ਨੇਤਿ ਮੁਖਚਾਰ ਬਤਾਇਓ ॥ ੫ ॥ ਕੋਟਿ ਇੰਦ੍ਰ ਉਪਇੰਦ੍ਰ ਬਨਾਏ ॥ ਬ੍ਰਹਮਾ ਰੁੱਦ੍ਰ ਉਪਾਇ ਖਪਾਏ ॥ ਲੋਕ ਚਤੁਰਦਸ ਖੇਲੁ ਰਚਾਇਓ । ਬਹੁਰਿ ਆਪ ਹੀ ਬੀਚ ਮਿਲਾਇਓ ॥੬॥ ਦਾਨਵ ਦੇਵ ਫਨਿੰਦ ਅਪਾਰਾ ॥ ਗੰਧ੍ਰਬ ਜੱਛ ਰਚੇ ਸੁਭਚਾਰਾ ॥ ਭੂਤ ਭਵਿਖ ਭਵਾਨ ਕਹਾਨੀ ॥ ਘਟ ਘਟ ਕੇ ਪਟ ਪਟ ਕੀ ਜਾਨੀ ॥੭॥ ਤਾਤ ਮਾਤ ਜਿਹ ਜਾਤਿ ਨਾ ਪਾਤਾ॥ਏਕ ਰੰਗ ਕਾਹੂ ਨਹੀ ਰਾਤਾ॥ਸਰਬ ਜੋਤਿ ਕੇ ਬੀਚ ਸਮਾਨਾ॥ ਸਭਹੂੰ ਸ੍ਰਬ ਠੌਰ ਪਹਿਚਾਨਾ॥ ੮॥ ਕਾਲ ਰਹਿਤ ਅਨਕਾਲ ਸਰੂਪਾ ॥ ਅਲਖ ਪੁਰਖੁ ਅਬਿਗਤੁ ਅਵਧੂਤਾ ॥

Digitized by Panjab Digital Library | www.panjabdigilib.org

ਜਾਤਿ ਪਾਤਿ ਜਿਹ ਚਿਹਨ ਨ ਬਰਨਾ॥ ਅਬਿਗਤ ਦੇਵ ਅਛੈ ਅਨ ਭਰਮਾ॥ ੯॥ ਸਭ ਕੋ ਕਾਲ ਸਭਨ ਕੋ ਕਰਤਾ॥ ਰੋਗ ਸੋਗ ਦੋਖਨ ਕੋ ਹਰਤਾ॥ ਏਕ ਚਿੱਤ ਜਿਹ ਇਕ ਛਿਨ ਧਿਆਯੋ॥ ਕਾਲ ਫਾਸ ਕੇ ਬੀਚ ਨ ਆਯੋ॥ ੧੦॥

ਵਿਧੀ–ਸ੍ਰੀ ਕਲਗੀਧਰ ਜੀ ਦੀ ਰਚੀ ਇਸ ਚੌਪਈ ਦਾ ਹਰ ਰੋਜ਼ ੧੦ ਵਾਰ ਪਾਠ ਕਰਨ ਨਾਲ ਪ੍ਰਭੂ ਦੇ ਚਰਨਾਂ ਨਾਲ ਸੁਰਤੀ ਜੁੜਦੀ ਹੈ। ਹਿਰਦੇ ਵਿਚ ਗਿਆਨ, ਵੈਰਾਗ ਤੇ ਬਿਬੇਕ ਦਾ ਨਿਵਾਸ ਹੁੰਦਾ ਹੈ। ਜੀਵਨ-ਮੁਕਤੀ ਪ੍ਰਾਪਤ ਹੁੰਦੀ ਹੈ ਤੇ ਅੰਤ ਨੂੰ ਪਰਮਗਤੀ ਮਿਲਦੀ ਹੈ।

## ਸ਼ਬਦ ਨੰ: ੪

ਗਉੜੀ ਗੁਆਰੇਰੀ ਮਹਲਾ ੫॥

ਹਮ ਧਨਵੰਤ ਭਾਗਠ ਸਚ ਨਾਇ॥ ਹਰਿਗੁਣ ਗਾਵੈ ਸਹਜਿ ਸੁਭਾਇ॥ ੧॥ ਰਹਾਉ॥ ਪੀਊ ਦਾਦੇ ਕਾ ਖੋਲਿ ਡਿਠਾ ਖਜਾਨਾ॥ ਤਾ ਮੇਰੈ ਮਨਿ ਭਇਆ ਨਿਧਾਨਾ॥੧॥ ਰਤਨ ਲਾਲ ਜਾ ਕਾ ਕਛੂ ਨ ਮੋਲੁ॥ ਭਰੇ ਭੰਡਾਰ ਅਖੂਟ ਅਤੋਲ॥੨॥ ਖਾਵਹਿ ਖਰਚਹਿ ਰਲਿ ਮਿਲਿ ਭਾਈ॥ ਤੋਟਿ ਨ ਆਵੈ ਵਧਦੋ ਜਾਈ॥੩॥ ਕਹੁ ਨਾਨਕ ਜਿਸੁ ਮਸਤਕਿ ਲੇਖੁ ਲਖਾਇ॥ ਸੁ ਏਤੁ ਖਜਾਨੈ ਲਇਆ ਰਲਾਇ॥੪॥੩੧॥੧੦੦॥

ਵਿਧੀ–ਇਸ ਸ਼ਬਦ ਦਾ ਇਕੋਤ੍ਰ ਸੌ ਦਿਨ ੧੦੮ ਵਾਰ ਰੋਜ਼ਾਨਾ ਪਾਠ ਕਰਨ ਨਾਲ ਦੁਕਾਨ ਤੇ ਵਪਾਰ ਵਿਚ ਵਾਧਾ ਹੁੰਦਾ ਹੈ। ਦਿਨ ਦੂਣੀ ਤੇ ਰਾਤ ਚੌਗੁਣੀ ਤਰੱਕੀ ਹੁੰਦੀ ਹੈ। ਬੇਅੰਤ ਧਨ ਘਰ ਵਿਚ ਆਉਂਦਾ ਹੈ।

## ਸ਼ਬਦ ਨੰ: ੫

ਸੋਰਠਿ ਮਹਲਾ ੫॥

ਗੁਰੁ ਪੂਰਾ ਨਮਸਕਾਰੇ॥ ਪ੍ਰਭਿ ਸਭੇ ਕਾਜ ਸਵਾਰੇ॥ ਹਰਿ ਅਪਣੀ ਕਿਰਪਾ ਧਾਰੀ॥ ਪ੍ਰਭ ਪੂਰਨ ਪੈਜ ਸਵਾਰੀ॥੧॥ ਅਪਨੇ ਦਾਸ ਕੋ ਭਇਓ

Digitized by Panjab Digital Library / www.panjabdigilib.org

ਸਹਾਈ ॥ ਸਗਲ ਮਨੋਰਥ ਕੀਨੇ ਕਰਤੇ ਊਣੀ ਬਾਤ ਨ ਕਾਈ ॥ ਰਹਾਉ ॥ ਕਰਤੈ ਪੁਰਖਿ ਤਾਲੁ ਦਿਵਾਇਆ ॥ ਪਿਛੈ ਲਗਿ ਚਲੀ ਮਾਇਆ ॥ ਤੋਟਿ ਨ ਕਤਹੂ ਆਵੈ॥ ਮੇਰੇ ਪੂਰੇ ਸਤਿਗੁਰ ਭਾਵੈ ॥੨॥ ਸਿਮਰਿ ਸਿਮਰਿ ਦਇਆਲਾ ॥ ਸਭਿ ਜੀਅ ਭਏ ਕਿਰਪਾਲਾ ॥ ਜੈ ਜੈ ਕਾਰੁ ਗੁਸਾਈ ॥ ਜਿਨਿ ਪੂਰੀ ਬਣਤ ਬਣਾਈ ॥ ੩ ॥ ਤੂ ਭਾਰੋ ਸੁਆਮੀ ਮੋਰਾ ॥ ਇਹ ਪੁੰਨ ਪਦਾਰਥੁ ਤੇਰਾ ॥ ਜਨ ਨਾਨਕ ਏਕੁ ਧਿਆਇਆ॥ ਸਰਬ ਫਲਾ ਪੁੰਨੁ ਪਾਇਆ ॥ ੪ ॥ ੧੪ ॥ ੬੪ ॥

ਵਿਧੀ—ਇਹ ਸ਼ਬਦ ਇਕੋਤ੍ਰ ਸੌ ਦਿਨ ੧੦੧ ਵਾਰ ਹਰ ਰੋਜ਼ ਜਪਣਾ। ਧਨ ਪ੍ਰਾਪਤ ਤੇ ਸਭ ਵਿਗੜੇ ਕਾਰਜ ਰਾਸ ਹੋਵਣ। ਘਰ ਵਿਚ ਮਾਇਆ ਦਾ ਲਹਿਰ ਬਹਿਰ ਹੋਵੇ।

## ਸ਼ਬਦ ਨੰ: ੬

### ਗਉੜੀ ਬੈਰਾਗਣਿ ਮਹਲਾ ੪ ॥

ਸਾਹੁ ਹਮਾਰਾ ਤੂੰ ਧਣੀ ਜੈਸੀ ਤੂੰ ਰਾਸਿ ਦੇਹਿ ਤੈਸੀ ਹਮ ਲੇਹਿ ॥ ਹਰਿ ਨਾਮੁ ਵਣੰਜਹ ਰੰਗ ਸਿਉ ਜੇ ਆਪਿ ਦਇਆਲੁ ਹੋਇ ਦੇਹਿ ॥ ੧ ॥ ਹਮ ਵਣਜਾਰੇ ਰਾਮ ਕੇ ॥ ਹਰਿ ਵਣਜੁ ਕਰਾਵੈ ਦੇ ਰਾਸਿ ਰੇ ॥੧॥ ਰਹਾਉ ॥ ਲਾਹਾ ਹਰਿ ਭਗਤਿ ਧਨੁ ਖਟਿਆ ਹਰਿ ਸਚੇ ਸਾਹ ਮਨਿ ਭਾਇਆ॥ ਹਰਿ ਜਪਿ ਹਰਿ ਵਖਰੁ ਲਦਿਆ ਜਮੁ ਜਾਗਾਤੀ ਨੇੜਿ ਨ ਆਇਆ ॥ ੨ ॥ ਹੋਰੁ ਵਣਜੁ ਕਰਹਿ ਵਾਪਾਰੀਏ ਅਨੰਤ ਤਰੰਗੀ ਦੁਖੁ ਮਾਇਆ ॥ ਓਇ ਜੇਹੈ ਵਣਜਿ ਹਰਿ ਲਾਇਆ ਫਲੁ ਤੇਹਾ ਤਿਨ ਪਾਇਆ॥੩॥ ਹਰਿ ਹਰਿ ਵਣਜੁ ਸੋ ਜਨੁ ਕਰੇ ਜਿਸੁ ਕ੍ਰਿਪਾਲੁ ਹੋਇ ਪ੍ਰਭੁ ਦੇਈ ॥ ਜਨ ਨਾਨਕ ਸਾਹੁ ਹਰਿ ਸੇਵਿਆ ਫਿਰਿ ਲੇਖਾ ਮੂਲਿ ਨ ਲੇਈ ॥ ੪ ॥ ੧ ॥ ੭ ॥ ੪੫ ॥

ਵਿਧੀ—ਇਸ ਸ਼ਬਦ ਦੇ ੨੦੮ ਪਾਠ ਹਰ ਰੋਜ਼ ਕਰਨ ਨਾਲ ਬੇਅੰਤ ਧਨ ਦੀ ਪ੍ਰਾਪਤੀ ਹੁੰਦੀ ਹੈ ਤੇ ਕਾਰ ਵਿਹਾਰ ਵਿਚ ਵਾਧਾ ਹੁੰਦਾ ਹੈ। ਗਰੀਬੀ ਦੂਰ ਹੋ ਜਾਂਦੀ ਹੈ।

Digitized by Panjab Digital Library www.panjabdigilib.org

## ਸ਼ਬਦ ਨੰ: ੭

### ਆਸਾ ਮਹਲਾ ੫ ॥

ਮਾਥੈ ਤ੍ਰਿਕੁਟੀ ਦ੍ਰਿਸਟਿ ਕਰੂਰਿ ॥ ਬੋਲੈ ਕਉੜਾ ਜਿਹਬਾ ਕੀ ਫੂੜਿ ॥ ਸਦਾ ਭੂਖੀ ਪਿਰੁ ਜਾਨੈ ਦੂਰਿ ॥ ੧ ॥ ਐਸੀ ਇਸਤ੍ਰੀ ਇਕ ਰਾਮਿ ਉਪਾਈ ॥ ਉਨਿ ਸਭੁ ਜਗੁ ਖਾਇਆ ਹਮ ਗੁਰਿ ਰਾਖੇ ਮੇਰੇ ਭਾਈ ॥ ਰਹਾਉ ॥ ਪਾਇ ਠਗਉਲੀ ਸਭੁ ਜਗੁ ਜੋਹਿਆ ॥ ਬ੍ਰਹਮਾ ਬਿਸਨੁ ਮਹਾਦੇਉ ਮੋਹਿਆ ॥ ਗੁਰਮੁਖਿ ਨਾਮਿ ਲਗੇ ਸੇ ਸੋਹਿਆ ॥ ੨ ॥ ਵਰਤ ਨੇਮ ਕਰਿ ਥਾਕੇ ਪੁਨਹਚਰਨਾ ॥ ਤਟ ਤੀਰਥ ਭਵੇ ਸਭ ਧਰਨਾ ॥ ਸੇ ਉਬਰੇ ਜਿ ਸਤਿਗੁਰ ਕੀ ਸਰਨਾ ॥੩॥ ਮਾਇਆ ਮੋਹਿ ਸਭੋ ਜਗੁ ਬਾਧਾ ॥ ਹਉਮੈ ਪਚੈ ਮਨਮੁਖ ਮੂਰਾਖਾ ॥ ਗੁਰ ਨਾਨਕ ਬਾਹ ਪਕਰਿ ਹਮ ਰਾਖਾ ॥ ੪ ॥ ੨ ॥ ੯੬ ॥

ਵਿਧੀ–ਇਸ ਸ਼ਬਦ ਦਾ ੧੦੮ ਪਾਠ ੪੧ ਦਿਨ ਕਰਨ ਨਾਲ ਘਰ ਦੀ ਕਲਾ ਕਲੇਸ਼ ਕਰਨ ਵਾਲੀ ਇਸਤ੍ਰੀ ਦਾ ਮਨ ਸ਼ਾਂਤ ਹੋਵੇ। ਪਤੀ ਨਾਲ ਪਿਆਰ ਕਰੇ। ਘਰ ਵਿਚੋਂ ਕਲੇਸ਼ ਦੂਰ ਹੋਵੇ ਤੇ ਸੁਖ ਸ਼ਾਂਤੀ ਵਰਤੇ।

## ਸ਼ਬਦ ਨੰ: ੮

### ਸੋਰਠਿ ਮਹਲਾ ੫ ॥

ਸਰਬ ਸੁਖਾ ਕਾ ਦਾਤਾ ਸਤਿਗੁਰੁ ਤਾ ਕੀ ਸਰਣੀ ਪਾਈਐ ॥ ਦਰਸਨੁ ਭੇਟਤ ਹੋਤ ਅਨੰਦਾ ਦੂਖੁ ਗਇਆ ਹਰਿ ਗਾਈਐ ॥ ੧ ॥ ਹਰਿ ਰਸੁ ਪੀਵਹੁ ਭਾਈ ॥ ਨਾਮੁ ਜਪਹੁ ਨਾਮੋ ਆਰਾਧਹੁ ਗੁਰ ਪੂਰੇ ਕੀ ਸਰਨਾਈ ॥ ਰਹਾਉ ॥ ਤਿਸਹਿ ਪਰਾਪਤਿ ਜਿਸੁ ਧੁਰਿ ਲਿਖਿਆ ਸੋਈ ਪੂਰਨੁ ਭਾਈ ॥ ਨਾਨਕ ਕੀ ਬੇਨੰਤੀ ਪ੍ਰਭ ਜੀ ਨਾਮਿ ਰਹਾ ਲਿਵ ਲਾਈ ॥੨॥੨੫॥੮੯॥

ਵਿਧੀ–ਇਹ ਸ਼ਬਦ ਹਰ ਰੋਜ਼ ੨੧ ਵਾਰ ਜਪਦੇ ਰਹਿਣ ਨਾਲ ਸਭ ਦੁਖਾਂ ਦਾ ਨਾਸ ਹੋਵੇ ਤੇ ਸੁਖਾਂ ਦੀ ਪ੍ਰਾਪਤੀ ਹੋਵੇ।

Digitized by Panjab Digital Library / www.panjabdigilib.org

## ਸ਼ਬਦ ਨੰ: ੯

### ਸੋਰਠਿ ਮਹਲਾ ੫ ॥

ਠਾਢਿ ਪਾਈ ਕਰਤਾਰੇ ॥ ਤਾਪੁ ਛੋਡਿ ਗਇਆ ਪਰਵਾਰੇ ॥ ਗੁਰਿ ਪੂਰੈ ਹੈ ਰਾਖੀ॥ ਸਰਣਿ ਸਚੇ ਕੀ ਤਾਕੀ ॥੧॥ ਪਰਮੇਸਰੁ ਆਪਿ ਹੋਆ ਰਖਵਾਲਾ ॥ ਸਾਂਤਿ ਸਹਜ ਸੁਖ ਖਿਨ ਮਹਿ ਉਪਜੇ ਮਨੁ ਹੋਆ ਸਦਾ ਸੁਖਾਲਾ॥ਰਹਾਉ॥ ਹਰਿ ਹਰਿਨਾਮੁ ਦੀਓ ਦਾਰੂ॥ਤਿਨਿ ਸਗਲਾ ਰੋਗੁ ਬਿਦਾਰੂ॥ਅਪਨੀ ਕਿਰਪਾ ਧਾਰੀ॥ ਤਿਨਿ ਸਗਲੀ ਬਾਤ ਸਵਾਰੀ ॥੨॥ ਪ੍ਰਭਿ ਅਪਨਾ ਬਿਰਦੁ ਸਮਾਰਿਆ॥ ਹਮਰਾ ਗੁਣ ਅਵਗੁਣੁ ਨ ਬੀਚਾਰਿਆ॥ਗੁਰ ਕਾ ਸਬਦੁ ਭਇਓ ਸਾਖੀ॥ਤਿਨਿ ਸਗਲੀ ਲਾਜ ਰਾਖੀ ॥੩॥ ਬੋਲਾਇਆ ਬੋਲੀ ਤੇਰਾ ॥ ਤੂ ਸਾਹਿਬੁ ਗੁਣੀ ਗਹੇਰਾ ॥ ਜਪਿ ਨਾਨਕ ਨਾਮੁ ਸਚੁ ਸਾਖੀ ॥ ਅਪੁਨੇ ਦਾਸ ਕੀ ਪੈਜ ਰਾਖੀ ॥੪॥੬॥

ਵਿਧੀ—ਜਦੋਂ ਕਿਸੇ ਇਲਾਜ ਨਾਲ ਵੀ ਰੋਗ ਦੂਰ ਨਾ ਹੁੰਦਾ ਹੋਵੇ ਤਾਂ ਇਸ ਸ਼ਬਦ ਨੂੰ ੪੦ ਦਿਨ ੬੦ ਵਾਰੀ ਹਰ ਰੋਜ਼ ਜਪੋ। ਦਵਾਈ ਅਸਰ ਕਰਨ ਲਗ ਪਵੇਗੀ। ਸਭ ਰੋਗ ਦੂਰ ਹੋ ਜਾਵਣਗੇ। ਦੇਹ ਅਰੋਗ ਹੋ ਜਾਵੇਗੀ। ਸਭ ਪ੍ਰਵਾਰ ਵਿਚ ਪ੍ਰਸੰਨਤਾ ਆ ਵਸੇਗੀ।

## ਸ਼ਬਦ ਨੰ: ੧੦

### ਸਿਰੀ ਰਾਗੁ ਮਹਲਾ ੧ ॥

ਪਹਿਲੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਬਾਲਕ ਬੁਧਿ ਅਚੇਤੁ ॥ ਖੀਰੁ ਪੀਐ ਖੇਲਾਈਐ ਵਣਜਾਰਿਆ ਮਿਤ੍ਰਾ ਮਾਤ ਪਿਤਾ ਸੁਤ ਹੇਤੁ॥ਮਾਤ ਪਿਤਾ ਸੁਤ ਨੇਹੁ ਘਨੇਰਾ ਮਾਇਆ ਮੋਹੁ ਸਬਾਈ॥ਸੰਜੋਗੀ ਆਇਆ ਕਿਰਤੁ ਕਮਾਇਆ ਕਰਣੀ ਕਾਰ ਕਰਾਈ॥ ਰਾਮਨਾਮਬਿਨੁ ਮੁਕਤਿਨ ਹੋਈ ਬੂਡੀ ਦੂਜੈ ਹੇਤਿ॥ ਕਹੁ ਨਾਨਕ ਪ੍ਰਾਣੀ ਪਹਿਲੈ ਪਹਰੈ ਛੂਟਹਿਗਾ ਹਰਿ ਚੇਤਿ ॥੧॥

ਵਿਧੀ—ਇਹ ਸ਼ਬਦ ੪੧ ਦਿਨ ਹਰ ਰੋਜ਼ ੧੦੧ ਵਾਰ ਜਪਣ ਨਾਲ ਗਿਆਨ ਤੇ ਵੈਰਾਗ ਦੀ ਪ੍ਰਾਪਤੀ ਹੁੰਦੀ ਹੈ। ਹਿਰਦਾ ਸ਼ੁੱਧ ਹੋ ਜਾਂਦਾ ਹੈ।

Digitized by Panjab Digital Library / www.panjabdigilib.org

## ਸ਼ਬਦ ਨੰ: ੧੧

### ਬਿਲਾਵਲੁ ਮਹਲਾ ੫ ॥

ਗੋਬਿੰਦ ਸਿਮਰਿ ਹੋਆ ਕਲਿਆਣੁ ॥ ਮਿਟੀ ਉਪਾਧਿ ਭਇਆ ਸੁਖੁ ਸਾਚਾ ਅੰਤਰਜਾਮੀ ਸਿਮਰਿਆ ਜਾਣੁ ॥੧॥ ਰਹਾਉ ॥ ਜਿਸ ਕੇ ਜੀਅ ਤਿਨਿ ਕੀਏ ਸੁਖਾਲੇ ਭਗਤ ਜਨਾ ਕਉ ਸਾਚਾ ਤਾਣੁ ॥ ਦਾਸ ਅਪੁਨੇ ਕੀ ਆਪੇ ਰਾਖੀ ਭੈ ਭੰਜਨ ਊਪਰਿ ਕਰਤੇ ਮਾਣੁ ॥੧॥ ਭਈ ਮਿਤ੍ਰਾਈ ਮਿਟੀ ਬੁਰਾਈ ਦ੍ਰੁਸਟ ਦੂਤ ਹਰਿ ਕਾਢੇ ਛਾਣਿ ॥ ਸੂਖ ਸਹਜ ਆਨੰਦ ਘਨੇਰੇ ਨਾਨਕ ਜੀਵੈ ਹਰਿ ਗੁਣਹ ਵਖਾਣਿ ॥੨॥੨੯॥

ਵਿਧੀ–ਇਸ ਸ਼ਬਦ ਨੂੰ ਇਕੱਤ੍ਰ ਸੌ ਦਿਨ ਇਕ ਸੌ ਅੱਠ ਵਾਰ ਹਰ ਰੋਜ਼ ਜਪਣ ਨਾਲ ਸਰਬ ਕਲਿਆਣ ਹੋਵੇ, ਮਨ ਦੀ ਅਸ਼ਾਂਤੀ ਮਿਟੇ ਤੇ ਬੰਧਨਾ ਦਾ ਨਾਸ ਹੋਵੇ।

## ਸ਼ਬਦ ਨੰ: ੧੨

### ਗਉੜੀ ਮਾਝ ਮਹਲਾ ੫ ॥

ਹਰਿ ਰਾਮ ਰਾਮ ਰਾਮ ਰਾਮਾ॥ ਜਪਿ ਪੂਰਨ ਹੋਏ ਕਾਮਾ ॥੧॥ ਰਹਾਉ ॥ ਰਾਮ ਗੋਬਿੰਦ ਜਪੇਦਿਆ ਹੋਆ ਮੁਖ ਪਵਿਤ੍ਰ ॥ ਹਰਿ ਜਸੁ ਸੁਣੀਐ ਜਿਸਤੇ ਸੋਈ ਭਾਈ ਮਿਤ੍ਰ ॥੧॥ ਸਭਿ ਪਦਾਰਥ ਸਭਿ ਫਲਾ ਸਰਬ ਗੁਣਾ ਜਿਸੁ ਮਾਹਿ ॥ ਕਿਉ ਗੋਬਿੰਦੁ ਮਨਹੁ ਵਿਸਾਰੀਐ ਜਿਹੁ ਸਿਮਰਤ ਦੁਖ ਜਾਹਿ ॥੨॥ ਜਿਸੁ ਲੜਿ ਲਗਿਐ ਜੀਵੀਐ ਭਵਜਲ ਪਈਐ ਪਾਰਿ ॥ ਮਿਲਿ ਸਾਧੂ ਸੰਗੁ ਉਧਾਰੁ ਹੋਇ ਮੁਖ ਊਜਲ ਦਰਬਾਰਿ ॥੩॥ ਜੀਵਨ ਰੂਪ ਗੋਪਾਲ ਜਸੁ ਸੰਤ ਜਨਾ ਕੀ ਰਾਸਿ॥ ਨਾਨਕ ਉਬਰੇ ਨਾਮੁ ਜਪਿ ਦਰਿ ਸਚੈ ਸਾਬਾਸਿ ॥੪॥ ੩॥੧੭੧॥

ਵਿਧੀ–ਇਹ ਸ਼ਬਦ ੯੦ ਦਿਨ ੪੦ ਵਾਰੀ ਰੋਜ਼ ਜਪਣ ਨਾਲ ਸਭ ਮਨੋਰਥ ਪੂਰਨ ਹੋਵਣ ਤੇ ਸੰਸਾਰ ਵਿਚ ਉਜਲ ਜਸ ਫੈਲੇ ਤੇ ਮਨ ਸਤਕਾਰ ਵਧੇ।

Digitized by Panjab Digital Library / www.panjabdigilib.org

## ਸ਼ਬਦ ਨੰ: ੧੩

### ਗਉੜੀ ਮਹਲਾ ੫ ॥

ਹਰਿ ਸੰਗਿ ਰਾਤੇ ਭਾਹਿ ਨ ਜਲੈ ॥ ਹਰਿ ਸੰਗਿ ਰਾਤੇ ਮਾਇਆ ਨਹੀ ਛਲੈ ॥ ਹਰਿ ਸੰਗਿ ਰਾਤੇ ਨਹੀ ਡੂਬੈ ਜਲਾ ॥ ਹਰਿ ਸੰਗਿ ਰਾਤੇ ਸੁਫਲ ਫਲਾ॥ ੧ ॥ ਸਭ ਭੈ ਮਿਟਹਿ ਤੁਮਾਰੈ ਨਾਇ ॥ ਭੇਟਤ ਸੰਗਿ ਹਰਿ ਹਰਿ ਗੁਨ ਗਾਇ ॥ ਰਹਾਉ ॥ ਹਰਿ ਸੰਗਿ ਰਾਤੇ ਮਿਟੈ ਸਭ ਚਿੰਤਾ ॥ ਹਰਿ ਸਿਉ ਸੋ ਰਚੈ ਜਿਸੁ ਸਾਧ ਕਾ ਮੰਤਾ ॥ ਹਰਿ ਸੰਗਿ ਰਾਤੇ ਜਮ ਕੀ ਨਹੀ ਤ੍ਰਾਸ ॥ ਹਰਿ ਸੰਗਿ ਰਾਤ ਪੂਰਨ ਆਸ ॥ ੨ ॥ ਹਰਿ ਸੰਗਿ ਰਾਤੇ ਦੂਖੁ ਨ ਲਾਗੈ॥ ਹਰਿ ਸੰਗਿ ਰਾਤਾ ਅਨਦਿਨੁ ਜਾਗੈ ॥ ਹਰਿ ਸੰਗਿ ਰਾਤੇ ਸਹਜ ਘਰਿ ਵਸੈ ॥ ਹਰਿ ਸੰਗਿ ਰਾਤੇ ਭ੍ਰਮੁ ਭਉ ਨਸੈ ॥੩॥ ਹਰਿ ਸੰਗਿ ਰਾਤੇ ਮਤਿ ਊਤਮ ਹੋਇ ॥ ਹਰਿ ਸੰਗਿ ਰਾਤੇ ਨਿਰਮਲ ਸੋਇ ॥ ਕਹੁ ਨਾਨਕ ਤਿਨ ਕਉ ਬਲਿ ਜਾਈ॥ ਜਿਨ ਕਉ ਪ੍ਰਭੁ ਮੇਰਾ ਬਿਸਰਤ ਨਾਹੀ ॥ ੪ ॥ ੧੦੯ ॥

ਵਿਧੀ–ਇਸ ਸ਼ਬਦ ਦਾ ੪੦ ਦਿਨ ਹਰ ਰੋਜ਼ ੧੦੯ ਵਾਰ ਪਾਠ ਕਰੋ। ਛਾਇਆ, ਟੂਣੇ ਦੂਰ ਹੋਵਣ। ਭੂਤ ਪ੍ਰੇਤ ਦਾ ਸਾਇਆ ਨਾਸ ਹੋਵੇ। ਦੇਹ ਅਰੋਗ ਹੋਵੇ ਘਰ ਵਿਚ ਸੁਖ ਸ਼ਾਂਤੀ ਵਰਤੇ।

## ਸ਼ਬਦ ਨੰ: ੧੪

### ੴ ਸਤਿਗੁਰ ਪ੍ਰਸਾਦਿ ॥

### ਗਉੜੀ ਬੈਰਾਗਣਿ ਰਵਿਦਾਸ ਜੀਉ ॥

ਘਟ ਅਵਘਟ ਡੂਗਰ ਘਣਾ ਇਕੁ ਨਿਰਗੁਣੁ ਬੈਲੁ ਹਮਾਰ ॥ ਰਮਈਏ ਸਿਉ ਇਕ ਬੇਨਤੀ ਮੇਰੀ ਪੂੰਜੀ ਰਾਖੁ ਮੁਰਾਰਿ ॥ ੧ ॥ ਕੋ ਬਨਜਾਰੋ ਰਾਮ ਕੋ ਮੇਰਾ ਟਾਂਡਾ ਲਾਦਿਆ ਜਾਇ ਰੇ ॥੧॥ ਰਹਾਉ॥ ਹਉ ਬਨਜਾਰੋ ਰਾਮ ਕੋ ਸਹਜ

Digitized by Panjab Digital Library / www.panjabdigilib.org

ਕਰਉ ਬਾਪਾਰੁ ॥ ਮੈ ਰਾਮ ਨਾਮ ਧਨ ਲਾਦਿਆ ਬਿਖੁ ਲਾਦੀ ਸੰਸਾਰਿ ॥੨॥ ਉਰਵਾਰ ਪਾਰ ਕੇ ਦਾਨੀਆ ਲਿਖਿ ਲੇਹੁ ਆਲ ਪਤਾਲੁ ॥ ਮੋਹਿ ਜਮ ਡੰਡੁ ਨ ਲਾਗਈ ਤਜੀਲੇ ਸਰਬ ਜੰਜਾਲ ॥ ੩ ॥ ਜੈਸਾ ਰੰਗੁ ਕਸੁੰਭ ਕਾ ਤੈਸਾ ਇਹੁ ਸੰਸਾਰੁ ॥ ਮੇਰੇ ਰਮਈਏ ਰੰਗੁ ਮਜੀਠ ਕਾ ਕਹੁ ਰਵਿਦਾਸ ਚਮਾਰ ॥੪॥ ੧ ॥

ਵਿਧੀ–ਇਸ ਸ਼ਬਦ ਦੇ ਇਕ ਸੌ ੮ ਪਾਠ ਹਰ ਰੋਜ਼ ੪੦ ਦਿਨ ਵਿਧੀ ਪੂਰਬਕ ਅੰਮ੍ਰਿਤ ਵੇਲੇ ਕਰਨ ਨਾਲ ਵਪਾਰ ਵਿਚ ਵਾਧਾ ਹੁੰਦਾ ਹੈ। ਸਭ ਵਿਚ ਇਤਬਾਰ ਬਣ ਜਾਂਦਾ ਹੈ। ਮਾਇਆ ਦੀਆਂ ਸਭ ਤੰਗੀਆਂ ਦੂਰ ਹੋ ਜਾਂਦੀਆਂ ਹਨ। ਵਪਾਰ ਆਰੰਭ ਕਰਨ ਸਮੇਂ ਇਸ ਸ਼ਬਦ ਦਾ ਪਾਠ ਕਰੋ। ਵਪਾਰ ਵਿਚ ਬਰਕਤ ਪਵੇਗੀ।

ਸ਼ਬਦ ਨੰ: ੧੫

ਗਉੜੀ ਮਹਲਾ ੫ ॥

ਕੋਟਿ ਮਜਨ ਕੀਨੋ ਇਸਨਾਨ ॥ ਲਾਖ ਅਰਬ ਖਰਬ ਦੀਨੋ ਦਾਨੁ ॥ ਜਾ ਮਨਿ ਵਸਿਓ ਹਰਿ ਕੋ ਨਾਮ ॥੧॥ ਸਗਲ ਪਵਿਤ ਗੁਨ ਗਾਇ ਗੁਪਾਲ ॥ ਪਾਪ ਮਿਟਹਿ ਸਾਧੂ ਸਰਨਿ ਦਇਆਲ ॥ਰਹਾਉ॥ ਬਹੁਤ ਉਰਧ ਤਪ ਸਾਧਨ ਸਾਧੇ ॥ ਅਨਿਕ ਲਾਭ ਮਨੋਰਥ ਲਾਧੇ॥ ਹਰਿ ਹਰਿ ਨਾਮੁ ਰਸਨ ਆਰਾਧੇ॥੨॥ ਸ੍ਰਿਮ੍ਰਿਤਿ ਸਾਸਤ ਬੇਦ ਬਖਾਨੇ॥ ਜੋਗ ਗਿਆਨ ਸਿਧਿ ਸੁਖ ਜਾਨੇ॥ ਨਾਮ ਜਪਤ ਪ੍ਰਭ ਸਿਉ ਮਨ ਮਾਨੇ॥੩॥ ਅਗਾਧ ਬੋਧਿ ਹਰਿ ਅਗਮ ਅਪਾਰ॥ ਨਾਮੁ ਜਪਤ ਨਾਮੁ ਰਿਦੇ ਬੀਚਾਰੇ ॥ ਨਾਨਕ ਕਉ ਪ੍ਰਭ ਕਿਰਪਾ ਧਾਰੇ ॥ ੪ ॥ ੧੧੧ ॥

ਵਿਧੀ–ਇਸ ਸ਼ਬਦ ੪੦ ਦਿਨ ਹਰ ਰੋਜ਼ ੪੧ ਪਾਠ ਕਰਨ ਨਾਲ ਅਠਾਹਠ ਤੀਰਥਾਂ ਦੇ ਇਸ਼ਨਾਨ ਤੇ ਸ਼ੁਭ ਕਰਮਾਂ ਦਾ ਫਲ ਪ੍ਰਾਪਤ ਹੁੰਦਾ ਹੈ।

ਸ਼ਬਦ ਨੰ: ੧੬

ਬਿਲਾਵਲੁ ਮਹਲਾ ੫ ॥

ਨਿੰਦਕ ਐਸੇ ਹੀ ਝਰਿ ਪਰੀਐ ॥ ਇਹ ਨੀਸਾਨੀ ਸੁਨਹੁ ਤੁਮ ਭਾਈ

Digitized by Panjab Digital Library / www.panjabdigilib.org

ਜਿਉ ਕਾਲਰ ਭੀਤਿ ਗਿਰੀਐ ॥੧॥ ਰਹਾਉ ॥ ਜਉ ਦੇਖੈ ਛਿਦ੍ਰੁ ਤਉ ਨਿੰਦਕੁ ਉਮਾਹੈ ਭਲੋ ਦੇਖਿ ਦੁਖ ਭਰੀਐ ॥ ਆਠ ਪਹਰਿ ਚਿਤਵੈ ਨਹੀ ਪਹੁਚੈ ਬੁਰਾ ਚਿਤਵਤ ਚਿਤਵਤ ਮਰੀਐ ॥ ੧ ॥ ਨਿੰਦਕੁ ਪ੍ਰਭੂ ਭੁਲਾਇਆ ਕਾਲੁ ਨੇਰੈ ਆਇਆ ਹਰਿ ਜਨ ਸਿਉ ਬਾਦੁ ਉਠਰੀਐ ॥ ਨਾਨਕ ਕਾ ਰਾਖਾ ਆਪਿ ਪ੍ਰਭੁ ਸੁਆਮੀ ਕਿਆ ਮਾਨਸ ਬਪੁਰੇ ਕਰੀਐ ॥

ਵਿਧੀ—ਇਹ ਸ਼ਬਦ ਹਰ ਰੋਜ਼ ਇੱਕੀ ਵਾਰ ਜਪਣ ਨਾਲ ਨਿੰਦਕ, ਦੁਸ਼ਮਨ ਤੇ ਦੋਖੀ ਨਿੰਦਿਆ ਕਰਨੀ ਛਡ ਦੇਂਦੇ ਹਨ। ਉਹਨਾਂ ਦੀਆਂ ਸਾਰੀਆਂ ਬੁਰੀਆਂ ਸਕੀਮਾਂ ਨਿਸਫਲ ਹੋ ਜਾਂਦੀਆਂ ਹਨ।

## ਸ਼ਬਦ ਨੰਬਰ ੧੭

### ਸੋਰਠਿ ਮਹਲਾ ੫ ਘਰੁ ੨ ॥

ਮਾਤ ਗਰਭ ਮਹਿ ਆਪਨ ਸਿਮਰਨੁ ਦੇ ਤਹ ਤੁਮ ਰਾਖਨਹਾਰੇ ॥ ਪਾਵਕ ਸਾਗਰ ਅਥਾਹ ਲਹਰਿ ਮਹਿ ਤਾਰਹੁ ਤਾਰਨਹਾਰੇ ॥੧॥ ਮਾਧੌ ਤੂ ਠਾਕੁਰੁ ਸਿਰਿ ਮੋਰਾ॥ ਈਹਾ ਊਹਾ ਤੁਹਾਰੋ ਧੋਰਾ॥ਰਹਾਉ॥ ਕੀਤੇ ਕਉ ਮੇਰੈ ਸੰਮਾਨੈ ਕਰਣੈਹਾਰੁ ਤ੍ਰਿਣੁ ਜਾਨੈ ॥ ਤੂ ਦਾਤਾ ਮਾਗਨ ਕਉ ਸਗਲੀ ਦਾਨੁ ਦੇਹਿ ਪ੍ਰਭ ਭਾਨੈ ॥ ੨ ॥ ਖਿਨ ਮਹਿ ਅਵਰੁ ਖਿਨੈ ਮਹਿ ਅਵਰਾ ਅਚਰਜ ਚਲਤ ਤੁਮਾਰੇ। ਰੂੜੋ ਗੂੜੋ ਗਹਿਰ ਗੰਭੀਰੋ ਊਚੌ ਅਗਮ ਅਪਾਰੇ॥੩॥ ਸਾਧ ਸੰਗਿ ਜਉ ਤੁਮਹਿ ਮਿਲਾਇਓ ਤਉ ਸੁਨੀ ਤੁਮਾਰੀ ਬਾਨੀ॥ ਅਨਦੁ ਭਇਆ ਪੇਖਤ ਹੀ ਨਾਨਕ ਪ੍ਰਤਾਪ ਪੁਰਖ ਨਿਰਬਾਣੀ ॥ ੪ ॥ ੭ ॥ ੧੮ ॥

ਵਿਧੀ—ਗਰਭ ਸਮੇਂ ਇਸਤ੍ਰੀ ਇਸ ਸ਼ਬਦ ਨੂੰ ਇੱਕੀ ਵਾਰ ਹਰ ਰੋਜ਼ ਜਪੇ ਬੱਚਾ ਬੜੇ ਆਰਾਮ ਨਾਲ ਜਨਮੇ ਤੇ ਬੱਚੇ ਦੀ ਰਖਿਆ ਹੋਵੇ।

## ਸ਼ਬਦ ਨੰ: ੧੮

### ਬਿਲਾਵਲੁ ਮਹਲਾ ੫ ॥

ਅਪਣੇ ਬਾਲਕ ਆਪਿ ਰਖਿਅਨੁ ਪਾਰਬ੍ਰਹਮ ਗੁਰਦੇਵ ॥ ਸੁਖ ਸਾਂਤਿ

Digitized by Panjab Digital Library | www.panjabdigilib.org

ਸਹਜ ਆਨਦ ਭਏ ਪੂਰਨ ਭਈ ਸੇਵ ॥੧॥ ਰਹਾਉ ॥ ਭਗਤ ਜਨਾ ਕੀ ਬੇਨਤੀ ਸੁਣੀ ਪ੍ਰਭਿ ਆਪਿ ॥ ਰੋਗ ਮਿਟਾਇ ਜੀਵਾਲਿਅਨੁ ਜਾਕਾ ਵਡ ਪਰਤਾਪੁ ॥ ੧ ॥ ਦੋਖ ਹਮਾਰੇ ਬਖਸਿਅਨੁ ਅਪਨੀ ਕਲ ਧਾਰੀ ॥ ਮਨ ਬਾਂਛਤ ਫਲ ਦਿਤਿਅਨੁ ਨਾਨਕ ਬਲਿਹਾਰੀ ॥੨॥੧੬॥੮੦॥

ਵਿਧੀ—ਇਹ ਸ਼ਬਦ ੬੦ ਦਿਨ ਹਰ ਰੋਜ ੨੧ ਵਾਰ ਜਪਣ ਨਾਲ ਬੱਚਾ ਤੰਦਰੁਸਤ ਹੋਵੇ ਤੇ ਕਸ਼ਟ ਕਲੇਸ਼ ਨਵਿਰਤ ਹੋ ਜਾਣ।

## ਸ਼ਬਦ ਨੰ: ੧੯

### ਗਉੜੀ ਗੁਆਰੇਰੀ ਮਹਲਾ ੫ ॥

ਜਾ ਕੈ ਵਸਿ ਖਾਨ ਸੁਲਤਾਨ॥ ਜਾ ਕੈ ਵਸਿ ਹੈ ਸਗਲ ਜਹਾਨ ॥ ਜਾ ਕਾ ਕੀਆ ਸਭੁ ਕਿਛੁ ਹੋਇ ॥ ਤਿਸ ਤੇ ਬਾਹਰਿ ਨਾਹੀ ਕੋਇ ॥ ੧ ॥ ਕਹੁ ਬੇਨੰਤੀ ਅਪੁਨੇ ਸਤਿਗੁਰ ਪਾਹਿ ॥ ਕਾਜ ਤੁਮਾਰੇ ਦੇਇ ਨਿਬਾਹਿ ॥੧॥ ਰਹਾਉ ॥ ਸਭ ਤੇ ਊਚਾ ਜਾ ਕਾ ਦਰਬਾਰੁ ॥ ਸਗਲ ਭਗਤ ਜਾ ਕਾ ਨਾਮੁ ਅਧਾਰੁ ॥ ਸਰਬ ਬਿਆਪਤ ਪੂਰਨ ਧਨੀ॥ ਜਾਕੀ ਸੋਭਾ ਘਟਿ ਘਟਿ ਬਨੀ ॥੨॥ ਜਿਸੁ ਸਿਮਰਤ ਦੁਖ ਡੇਰਾ ਢਹੈ ॥ ਜਿਸੁ ਸਿਮਰਤ ਜਮੁ ਕਿਛੁ ਨ ਕਹੈ॥ ਜਿਸੁ ਸਿਮਰਤ ਹੋਤ ਸੂਕੇ ਹਰੇ ॥ ਜਿਸ ਸਿਮਰਤ ਡੂਬਤ ਪਾਹਨ ਤਰੇ॥੩॥ ਸੰਤ ਸਭਾ ਕਉ ਸਦਾ ਜੈਕਾਰੁ॥ ਹਰਿ ਹਰਿ ਨਾਮੁ ਜਨ ਪ੍ਰਾਨ ਅਧਾਰੁ ॥ ਕਹੁ ਨਾਨਕ ਮੇਰੀ ਸੁਣੀ ਅਰਦਾਸਿ ॥ ਸੰਤ ਪ੍ਰਸਾਦਿ ਮੋ ਕਉ ਨਾਮ ਨਿਵਾਸਿ ॥ ੪ ॥ ੨੧ ॥ ੯੦ ॥

ਵਿਧੀ—ਇਹ ਸ਼ਬਦ ੪੧ ਦਿਨ ੧੦੮ ਵਾਰ ਹਰ ਰੋਜ਼ ਜਪਣ ਨਾਲ ਸੰਤਾਨ ਦੀ ਪ੍ਰਾਪਤੀ ਹੋਵੇ। ਪਤੀ ਵਸ ਵਿਚ ਹੋਵੇ।

## ਸ਼ਬਦ ਨੰ: ੨੦

### ਬਿਲਾਵਲੁ ਮਹਲਾ ੫ ॥

ਪਾਰਬ੍ਰਹਮ ਪ੍ਰਭ ਭਏ ਕ੍ਰਿਪਾਲ ॥ ਕਾਰਜ ਸਗਲ ਸਵਾਰੇ ਸਤਿਗੁਰ ਜਪਿ ਜਪਿ ਸਾਧੂ ਭਏ ਨਿਹਾਲ ॥੧॥ਰਹਾਉ॥ ਅੰਗੀਕਾਰੁ ਕੀਆ ਪ੍ਰਭਿ ਅਪਨੈ ਦੋਖੀ

Digitized by Panjab Digital Library / www.panjabdigilib.org

ਸਗਲੇ ਭਏ ਰਵਾਲ ॥ ਕੰਠਿ ਲਾਇ ਰਾਖੇ ਜਨ ਅਪਨੇ ਉਧਰ ਲੀਏ ਲਾਇ ਅਪਨੈ ਪਾਲ ॥੧॥ ਸਹੀ ਸਲਾਮਤਿ ਮਿਲਿ ਘਰਿ ਆਏ ਨਿੰਦਕ ਕੇ ਮੁਖ ਹੋਏ ਕਾਲ॥ ਕਹੁ ਨਾਨਕ ਮੇਰਾ ਸਤਿਗੁਰੁ ਪੂਰਾ ਗੁਰਪ੍ਰਸਾਦਿ ਪ੍ਰਭ ਭਏ ਨਿਹਾਲ॥੨।

ਵਿਧੀ–ਇਹ ਸ਼ਬਦ ੪੦ ਦਿਨ ਹਰ ਰੋਜ਼ ੧੦੮ ਵਾਰ ਜਪਣਾ। ਨਿੰਦਕ ਦੋਖੀ ਨਿੰਦਾ ਕਰਨ ਤੋਂ ਹਟ ਜਾਂਦੇ ਹਨ। ਹਰ ਤਰ੍ਹਾਂ ਦੇ ਸੁਖ ਪ੍ਰਾਪਤ ਹੁੰਦੇ ਹਨ। ਪ੍ਰਮਾਤਮਾ ਦੀ ਪ੍ਰਸੰਨਤਾ ਪ੍ਰਾਪਤ ਹੁੰਦੀ ਹੈ। ਸਰਬ ਕਾਰਜਾਂ ਦੇ ਵਿਚ ਸਫਲਤਾ ਮਿਲਦੀ ਹੈ।

## ਸ਼ਬਦ ਨੰ: ੨੧

### ਸਿਰੀ ਰਾਗੁ ਮਹਲਾ ੩।

ਤਿਨਾ ਅਨੰਦੁ ਸਦਾ ਸੁਖੁ ਹੈ ਜਿਨਾ ਸਚੁ ਨਾਮੁ ਆਧਾਰੁ ॥ ਗੁਰ ਸਬਦੀ ਸਚੁ ਪਾਇਆ ਦੂਖ ਨਿਵਾਰਣਹਾਰੁ ॥ ਸਦਾ ਸਦਾ ਸਾਚੇ ਕੇ ਗੁਣ ਗਾਵਹਿ ਸਾਚੈ ਨਾਇ ਪਿਆਰੁ॥ ਕਿਰਪਾ ਕਰਿਕੈ ਆਪਣੀ ਦਿਤੋਨੁ ਭਗਤਿ ਭੰਡਾਰੁ ॥੧॥ ਮਨ ਰੇ ਸਦਾ ਅਨੰਦੁ ਗੁਣ ਗਾਇ ॥ ਸਚੀ ਬਾਣੀ ਹਰਿ ਪਾਈਐ ਹਰਿ ਸਿਉ ਰਹੈ ਸਮਾਇ ॥੧॥ ਰਹਾਉ॥ ਸਚੀ ਭਗਤੀ ਮਨੁ ਲਾਲੁ ਥੀਆ ਰਤਾ ਸਹਜਿ ਸੁਭਾਇ॥ ਗੁਰ ਸਬਦੀ ਮਨੁ ਮੋਹਿਆ ਕਹਣਾ ਕਛੂ ਨ ਜਾਇ॥ਜਿਹਵਾ ਰਤੀ ਸਬਦਿ ਸਚੈ ਅੰਮ੍ਰਿਤੁ ਪੀਵੈ ਰਸਿ ਗੁਣ ਗਾਇ ॥ ਗੁਰਮੁਖਿ ਇਹੁ ਰੰਗੁ ਪਾਈਐ ਜਿਸਨੋ ਕਿਰਪਾ ਕਰੇ ਰਜਾਇ ॥੨॥ ਸੰਸਾ ਇਹੁ ਸੰਸਾਰੁ ਹੈ ਸੁਤਿਆ ਰੈਣਿ ਵਿਹਾਇ ॥ ਇਕਿ ਆਪਣੈ ਭਾਣੈ ਕਢਿ ਲਇਅਨੁ ਆਪੇ ਲਇਓਨੁ ਮਿਲਾਇ॥ ਆਪੇ ਹੀ ਆਪਿ ਮਨਿ ਵਸਿਆ ਮਾਇਆ ਮੋਹੁ ਚੁਕਾਇ ॥ ਆਪਿ ਵਡਾਈ ਦਿਤੀਅਨੁ ਗੁਰਮੁਖਿ ਦੇਇ ਬੁਝਾਇ ॥ ੩ ॥ ਸਭਨਾ ਕਾ ਦਾਤਾ ਏਕੁ ਹੈ ਭੁਲਿਆ ਲਏ ਸਮਝਾਇ ॥ ਇਕਿ ਆਪੇ ਆਪਿ ਖੁਆਇਅਨੁ ਦੂਜੈ ਛਡਿਅਨੁ ਲਾਇ॥ ਗੁਰਮਤੀ ਹਰਿ ਪਾਈਐ ਜੋਤੀ ਜੋਤਿ ਮਿਲਾਇ॥ ਅਨਦਿਨੁ ਨਾਮੇ ਰਤਿਆ ਨਾਨਕ ਨਾਮਿ ਸਮਾਇ ॥ ੪ ॥

Digitized by Panjab Digital Library | www.panjabdigilib.org

ਵਿਧੀ–ਇਸ ਸ਼ਬਦ ਦਾ ਹਰ ਰੋਜ਼ ੧੪ ਵਾਰੀ ਪਾਠ ਕਰਨ ਨਾਲ ਸਾਰਾ ਦਿਨ ਮਨ ਪ੍ਰਸੰਨ ਰਹਿੰਦਾ ਹੈ। ਕਿਸੇ ਕਾਰਜ ਵਿਚ ਵਿਘਨ ਨਹੀਂ ਪੈਂਦਾ। ਸਭ ਕੰਮ ਅਸਾਨ ਢੰਗ ਨਾਲ ਹੋ ਜਾਂਦੇ ਹਨ।

## ਸ਼ਬਦ ਨੰ: ੨੨

### ਗਉੜੀ ਸੁਖਮਨੀ ਮਹਲਾ ੫ ॥

ਨਿਰਧਨ ਕਉ ਧਨੁ ਤੇਰੋ ਨਾਉ॥ ਨਿਥਾਵੇ ਕਉ ਨਾਉ ਤੇਰਾ ॥ ਥਾਉ ॥ ਨਿਮਾਨੇ ਕਉ ਪ੍ਰਭ ਤੇਰੋ ਮਾਨੁ ॥ ਸਗਲ ਘਟਾ ਕਉ ਦੇਵਹੁ ਦਾਨੁ ॥ ਕਰਨ ਕਰਾਵਨਹਾਰ ਸੁਆਮੀ॥ ਸਗਲ ਘਟਾ ਕੇ ਅੰਤਰਜਾਮੀ॥ ਅਪਨੀ ਗਤਿ ਮਿਤਿ ਜਾਨਹੁ ਆਪੇ ॥ ਆਪਨ ਸੰਗਿ ਆਪਿ ਪ੍ਰਭ ਰਾਤੇ ॥ ਤੁਮਰੀ ਉਸਤਤਿ ਤੁਮ ਤੇ ਹੋਇ ॥ ਨਾਨਕ ਅਵਰਿ ਨ ਜਾਨਸ ਕੋਇ ॥

ਵਿਧੀ–ਇਸ ਸ਼ਬਦ ਨੂੰ ੪੦ ਦਿਨ ਹਰ ਰੋਜ਼ ੧੦੮ ਵਾਰ ਜਪਣ ਨਾਲ ਬੇਅੰਤ ਧਨ ਪ੍ਰਾਪਤ ਹੋਵੇ, ਖਾਣ ਪੀਣ ਦੇ ਪਦਾਰਥਾਂ ਦੀ ਕਦੀ ਤੋਟ ਨਾ ਆਵੇ।

## ਸ਼ਬਦ ਨੰ: ੨੩

### ਮਾਰੂ ਮਹਲਾ ੫ ॥

ਬਾਹਰਿ ਢੂਢਨ ਤੇ ਛੂਟਿ ਪਰੇ ਗੁਰਿ ਘਰ ਹੀ ਮਾਹਿ ਦਿਖਾਇਆ ਥਾ ॥ ਅਨਭਉ ਅਚਰਜ ਰੂਪੁ ਪ੍ਰਭ ਪੇਖਿਆ ਮੇਰਾ ਮਨੁ ਛੋਡਿ ਨ ਕਤਹੂ ਜਾਇਆ ਥਾ॥ ੧॥ ਮਾਣਕੁ ਪਾਇਓ ਰੇ ਪਾਇਓ ਹਰਿ ਪੂਰਾ ਪਾਇਆ ਥਾ॥ ਮੋਲਿ ਅਮੋਲੁ ਨ ਪਾਇਆ ਜਾਈ ਕਰਿ ਕਿਰਪਾ ਗੁਰੂ ਦਿਵਾਇਆ ਥਾ ॥੧॥ ਰਹਾਉ॥ਅਦਿਸਟੁ ਅਗੋਚਰੁ ਪਾਰਬ੍ਰਹਮ ਮਿਲਿ ਸਾਧੂ ਅਕਥੁ ਕਥਾਇਆ ਥਾ ॥ ਅਨਹਦ ਸਬਦ ਦਸਮ ਦੁਆਰਿ ਵਜਿਓ ਤਹ ਅੰਮ੍ਰਿਤ ਨਾਮੁ ਚੁਆਇਆ ਥਾ ॥੨॥ ਤੋਟਿ ਨਾਹੀ ਮਨਿ ਤ੍ਰਿਸਨਾ ਬੂਝੀ ਅਖੁਟ ਭੰਡਾਰ ਸਮਾਇਆ ਥਾ ॥ ਚਰਣ ਚਰਣ ਚਰਣ ਗੁਰ ਸੇਵੇ ਅਘੜੁ ਘੜਿਓ ਰਸੁ ਪਾਇਆ ਥਾ ॥ ੩ ॥ ਸਹਜੇ ਆਵਾ

Digitized by Panjab Digital Library | www.panjabdigilib.org

ਸਹਜੇ ਜਾਗਾ ਸਹਜੇ ਮਨੁ ਖੇਲਾਇਆ ॥੩॥ ਕਹੁ ਨਾਨਕ ਭਰਮ ਗੁਰਿ ਖੋਇਆ ਤਾ ਹਰਿ ਮਹਲੀ ਮਹਲੁ ਪਾਇਆ ॥ ੪ ॥

ਵਿਧੀ—ਇਸ ਸ਼ਬਦ ਦਾ ੪੦ ਦਿਨਾਂ ਵਿਚ ਪੰਜ ਹਜ਼ਾਰ ਪਾਠ ਕਰਨ ਨਾਲ ਆਤਮ ਗਿਆਨ ਪ੍ਰਾਪਤ ਹੁੰਦਾ ਹੈ। ਮਨ ਦੀ ਅਵਸਥਾ ਬਹੁਤ ਉਚੀ ਹੋ ਜਾਂਦੀ ਹੈ। ਜੇ ਇਸ ਨੂੰ ਹਰ ਰੋਜ਼ ੪੦ ਵਾਰੀ ਜਪੇ ਤਾਂ ਗੁਆਚੀ ਵਸਤੂ ਜਾਂ ਧਨ ਮਿਲ ਜਾਂਦਾ ਹੈ। ਇਸ ਸਬਦ ਦਾ ਪਾਠ ਵੀਰਵਾਰ ਤੋਂ ਆਰੰਭ ਕਰਨਾ।

## ਸ਼ਬਦ ਨੰ: ੨੪

### ਗਉੜੀ ਗੁਆਰੇਰੀ ਮਹਲਾ ੪ ॥

ਤੂੰ ਮੇਰਾ ਸਖਾ ਤੂੰ ਹੀ ਮੇਰਾ ਮੀਤੁ ॥ ਤੂੰ ਮੇਰਾ ਪ੍ਰੀਤਮੁ ਤੁਮ ਸੰਗਿ ਹੀਤੁ ॥ ਤੂੰ ਮੇਰੀ ਪਤਿ ਤੂ ਹੈ ਮੇਰਾ ਗਹਣਾ॥ ਤੁਝ ਬਿਨੁ ਨਿਮਖੁ ਨ ਜਾਈ ਰਹਣਾ ॥੧॥ ਤੂ ਮੇਰੇ ਲਾਲਨ ਤੂੰ ਮੇਰੇ ਪ੍ਰਾਨ ॥ ਤੂੰ ਮਰੇ ਸਾਹਿਬ ਤੂੰ ਮੇਰੇ ਖਾਨ ॥੧॥ ਰਹਾਉ॥ ਜਿਉ ਤੁਮ ਰਾਖਹੁ ਤਿਵ ਹੀ ਰਹਨਾ ॥ਜੋ ਤੁਮ ਕਹਹੁ ਸੋਈ ਮੋਹਿ ਕਰਨਾ॥ ਜਹ ਪੇਖਉ ਤਹਾ ਤੁਮ ਬਸਨਾ ॥ ਨਿਰਭਉ ਨਾਮੁ ਜਪਉ ਤੇਰਾ ਰਸਨਾ ॥੨॥ ਤੂੰ ਮੇਰੀ ਨਵ ਨਿਧਿ ਤੂੰ ਭੰਡਾਰੁ ॥ ਰੰਗ ਰਸਾ ਤੂੰ ਮਨਹਿ ਅਧਾਰੁ ॥ ਤੂੰ ਮੇਰੀ ਸੋਭਾ ਤੁਮ ਸੰਗਿ ਰਚੀਆ ॥ ਤੂੰ ਮੇਰੀ ਓਟ ਤੂੰ ਹੈ ਮੇਰਾ ਤਕੀਆ ॥ ੩ ॥ ਮਨ ਤਨ ਅੰਤਰਿ ਤੁਹੀ ਧਿਆਇਆ॥ ਮਰਮੁ ਤੁਮਾਰਾ ਗੁਰ ਤੇ ਪਾਇਆ ॥ ਸਤਿਗੁਰ ਤੇ ਦ੍ਰਿੜਿਆ ਇਕੁ ਏਕੈ ॥ ਨਾਨਕ ਦਾਸ ਹਰਿ ਹਰਿ ਹਰਿ ਟੇਕੈ ॥੪॥੧੮॥੮੭॥

ਵਿਧੀ—ਜੇ ਕੋਈ ਕੰਮ ਕਿਸੇ ਕਾਰਨ ਰੁਕ ਜਾਵੇ ਤਾਂ ਇਸ ਸ਼ਬਦ ਦੇ ੪੧ ਦਿਨ ਨੇਮ ਨਾਲ ੨੧ ਪਾਠ ਹਰ ਰੋਜ਼ ਕਰਨ ਨਾਲ ਵਿਗੜੇ ਕੰਮ ਸੌਰ ਜਾਣ। ਸਭ ਸੰਕਟ ਤੇ ਕਲੇਸ਼ ਨਵਿਰਤ ਹੋਣ।

Digitized by Panjab Digital Library | www.panjabdigilib.org

## ਸ਼ਬਦ ਨੰ: ੨੫

### ਰਾਗੁ ਸੂਹੀ ਮਹਲਾ ੫ ਘਰੁ ੪ ॥

ਭਲੀ ਸੁਹਾਵੀ ਛਾਪਰੀ ਜਾ ਮਹਿ ਗੁਨ ਗਾਏ ॥ ਕਿਤਹੀ ਕਾਮਿ ਨ ਧਉਲਹਰ ਜਿਤੁ ਹਰਿ ਬਿਸਰਾਏ ॥੧॥ ਰਹਾਉ॥ ਅਨਦੁ ਗਰੀਬੀ ਸਾਧ ਸੰਗਿ ਜਿਤੁ ਪ੍ਰਭ ਚਿਤਿ ਆਏ॥ ਜਲਿ ਜਾਉ ਏਹੁ ਬਡਪਨਾ ਮਾਇਆ ਲਪਟਾਏ॥੧॥ ਪੀਸਨੁ ਪੀਸਿ ਓਢਿ ਕਾਮਰੀ ਸੁਖੁ ਮਨੁ ਸੰਤੋਖਾਏ॥ ਐਸੋ ਰਾਜੁ ਨ ਕਿਤੈ ਕਾਜਿ ਜਿਤੁ ਨਹ ਤ੍ਰਿਪਤਾਏ ॥੨॥ ਨਗਨ ਫਿਰਤ ਰੰਗਿ ਏਕ ਕੈ ਓਹੁ ਸੋਭਾ ਪਾਏ॥ ਪਾਟ ਪਟੰਬਰ ਬਿਰਥਿਆ ਜਿਹ ਰਚਿ ਲੋਭਾਏ ॥੩॥ ਸਭੁ ਕਿਛੁ ਤੁਮ੍ਹਰੈ ਹਾਥਿ ਪ੍ਰਭ ਆਪਿ ਕਰੇ ਕਰਾਏ ॥ ਸਾਸਿ ਸਾਸਿ ਸਿਮਰਤ ਰਹਾ ਨਾਨਕ ਦਾਨੁ ਪਾਏ ॥ ੪ ॥ ੧ ॥ ੧੪ ॥

ਵਿਧੀ–ਜਿਹੜਾ ਪੁਰਸ਼ ਇਸ ਸ਼ਬਦ ਦੇ ੪੦ ਪਾਠ ਸਵੇਰੇ ਚੜ੍ਹਦੇ ਸੂਰਜ ਵਲ ਮੂੰਹ ਕਰਕੇ ੪੧ ਦਿਨ ਕਰੇਗਾ, ਉਸਨੂੰ ਰਾਜ ਦਰਬਾਰ ਤੇ ਨਗਰ ਸ਼ਹਿਰ ਵਿਚ ਉੱਚੀ ਪਦਵੀ ਤੇ ਸਤਿਕਾਰ ਮਿਲੇਗਾ। ਘਰ ਵਿਚ ਸਾਰੇ ਸੁਖ ਪ੍ਰਾਪਤ ਹੋਣਗੇ।

## ਸ਼ਬਦ ਨੰ: ੨੬

### ਸੂਹੀ ਮਹਲਾ ੧ ਚਉਪਦੇ ਘਰੁ ੧ ॥

ੴ ਸਤਿਗੁਰ ਪ੍ਰਸਾਦਿ ॥

ਭਾਂਡਾ ਧੋਇ ਬੈਸਿ ਧੂਪੁ ਦੇਵਹੁ ਤਉ ਦੂਧੈ ਕਉ ਜਾਵਹੁ ॥ ਦੂਧੁ ਕਰਮ ਫੁਨਿ ਸੁਰਤਿ ਸਮਾਇਣੁ ਹੋਇ ਨਿਰਾਸ ਜਮਾਵਹੁ ॥੧॥ ਜਪਹੁ ਤ ਏਕੋ ਨਾਮਾ ॥ ਅਵਰਿ ਨਿਰਾਫਲ ਕਾਮਾ ॥ ੧ ॥ ਰਹਾਉ ॥ ਇਹੁ ਮਨੁ ਈਟੀ ਹਾਥਿ ਕਰਹੁ ਫੁਨਿ ਨੇਤ੍ਰਉ ਨੀਦ ਨ ਆਵੈ॥ ਰਸਨਾ ਨਾਮੁ ਜਪਹੁ ਤਬ ਮਥੀਐ ਇਨਿ ਬਿਧਿ

Digitized by Panjab Digital Library | www.panjabdigilib.org

ਅੰਮ੍ਰਿਤੁ ਪਾਵਹੁ ॥੨॥ ਮਨੁ ਸੰਪਟੁ ਜਿਤੁ ਸਤ ਸਰਿ ਨਾਵਣੁ ਭਾਵਨੁ ਪਾਤੀ ਤ੍ਰਿਪਤਿ ਕਰੇ॥ ਪੂਜਾ ਪ੍ਰਾਣ ਸੇਵਕੁ ਜੇ ਸੇਵੇ ਇਨ੍ਹ ਬਿਧਿ ਸਾਹਿਬੁ ਰਵਤੁ ਰਹੈ॥੩॥ ਕਹਦੇ ਕਹਹਿ ਕਹੇ ਕਹਿ ਜਾਵਹਿ ਤੁਮ ਸਰਿ ਅਵਰੁ ਨ ਕੋਈ ॥ ਭਗਤਿ ਹੀਣੁ ਨਾਨਕੁ ਜਨੁ ਜੰਪੈ ਹਉ ਸਾਲਾਹੀ ਸਚਾ ਸੋਈ ॥ ੪ ॥

ਵਿਧੀ—ਇਸ ਸ਼ਬਦ ਦਾ ਅੰਮ੍ਰਿਤ ਵੇਲੇ ੪੦ ਦਿਨਾਂ ਵਿਚ ੫ ਹਜ਼ਾਰ ਪਾਠ ਕਰਨਾ। ਮਨ ਸ਼ੁਧ ਤੇ ਪਵਿੱਤਰ ਹੋ ਜਾਂਦਾ ਹੈ। ਹਿਰਦਾ ਟਿਕ ਜਾਂਦਾ ਹੈ। ਮਨ ਦੀ ਭਟਕਣਾ ਦੂਰ ਹੋ ਜਾਂਦੀ ਹੈ। ਘਰ ਵਿਚ ਸ਼ਾਂਤੀ ਵਰਤੀ ਰਹਿੰਦੀ ਹੈ। ਪਾਠ ਐਤਵਾਰ ਤੋਂ ਅਰੰਭ ਕਰਨਾ।

## ਸ਼ਬਦ ਨੰ: ੨੭

### ਮਾਝ ਮਹਲਾ ੫ ॥

ਜਿਤੁ ਘਰਿ ਪਿਰਿ ਸੋਹਾਗੁ ਬਣਾਇਆ ॥ ਤਿਤੁ ਘਰਿ ਸਖੀਏ ਮੰਗਲੁ ਗਾਇਆ ॥ ਅਨਦ ਬਿਨੋਦ ਤਿਤੈ ਘਰਿ ਸੋਹਹਿ ਜੋ ਧਨ ਕੰਤਿ ਸਿਗਾਰੀ ਜੀਉ॥ ੧ ॥ ਸਾ ਗੁਣਵੰਤੀ ਸਾ ਵਡਭਾਗਣਿ ॥ ਪੁਤ੍ਰਵੰਤੀ ਸੀਲਵੰਤਿ ਸੋਹਾਗਣਿ ॥ ਰੂਪਵੰਤਿ ਸਾ ਸੁਘੜਿ ਬਿਚਖਣਿ ਜੋ ਧਨ ਕੰਤ ਪਿਆਰੀ ਜੀਉ ॥ ੨ ॥ ਅਚਾਰਵੰਤਿ ਸਾਈ ਪਰਧਾਨੇ ॥ ਸਭ ਸਿੰਗਾਰ ਬਣੇ ਤਿਸੁ ਗਿਆਨੇ ॥ ਸਾ ਕੁਲਵੰਤੀ ਸਾ ਸਭਰਾਈ ਜੋ ਪਿਰਿ ਕੈ ਰੰਗਿ ਸਵਾਰੀ ਜੀਉ॥੩॥ ਮਹਿਮਾ ਤਿਸ ਕੀ ਕਹਣੁ ਨ ਜਾਇ॥ ਜੋ ਪਿਰਿ ਮੇਲਿ ਲਈ ਅੰਗਿ ਲਾਇ॥ ਥਿਰੁ ਸੋਹਾਗੁ ਵਰੁ ਅਗਮੁ ਅਗੋਚਰੁ ਜਨ ਨਾਨਕ ਪ੍ਰੇਮ ਸਾਧਾਰੀ ਜੀਉ ॥੪॥

ਵਿਧੀ—ਇਸ ਸ਼ਬਦ ਦੇ ਹਰ ਸ਼ੁਕਰਵਾਰ ੨੧ ਪਾਠ ਕਰਨੇ। ਸਮਾਂ ਸੁਹਾਵਣਾ ਬਣੇ, ਕੋਈ ਦੁਖ ਕਸ਼ਟ ਨਾ ਵਾਪਰੇ। ਸਤਿਗੁਰੂ ਜੀ ਦੀ ਰਖਵਾਲੀ ਹੋਵੇਗੀ। ਪਤੀ ਪਤਨੀ ਦੇ ਪਿਆਰ ਵਿਚ ਵਾਧਾ ਹੋਵੇ।

Digitized by Panjab Digital Library | www.panjabdigilib.org

## ਸ਼ਬਦ ਨੰਬਰ ੨੮

### ਟੋਡੀ ਮਹਲਾ ੫ ॥

ਸਤਿਗੁਰ ਆਇਓ ਸਰਣਿ ਤੁਹਾਰੀ ॥ ਮਿਲੈ ਸੂਖੁ ਨਾਮੁ ਹਰਿ ਸੋਭਾ ਚਿੰਤਾ ਲਾਹਿ ਹਮਾਰੀ ॥ ੧ ॥ ਰਹਾਉ ॥ ਅਵਰ ਨ ਸੂਝੈ ਦੂਜੀ ਠਾਹਰ ਹਾਰਿ ਪਰਿਓ ਤਉ ਦੁਆਰੀ ॥ ਲੇਖਾ ਛੋਡਿ ਅਲੇਖੈ ਛੂਟਹ ਹਮ ਨਿਰਗੁਨ ਲੇਹੁ ਉਬਾਰੀ ॥ ੧ ॥ ਸਦ ਬਖਸਿੰਦੁ ਸਦਾ ਮਿਹਰਵਾਨਾ ਸਭਨਾ ਦੇਇ ਅਧਾਰੀ ॥ ਨਾਨਕ ਦਾਸ ਸੰਤ ਪਾਛੈ ਪਰਿਓ ਰਾਖਿ ਲੇਹੁ ਇਹ ਬਾਰੀ ॥੨॥੪॥੯॥

ਵਿਧੀ–ਇਸ ਸ਼ਬਦ ਦਾ ੧੦੧ ਦਿਨ ਹਰ ਰੋਜ਼ ੪੦ ਵਾਰੀ ਪਾਠ ਕਰੋ। ਸਭ ਪ੍ਰਕਾਰ ਦੀ ਚਿੰਤਾ ਦੂਰ ਹੋ ਜਾਏਗੀ। ਸੁਖਾਂ ਦੀ ਪ੍ਰਾਪਤੀ ਹੋਵੇਗੀ।

## ਸ਼ਬਦ ਨੰ: ੨੯

### ਬਿਲਾਵਲੁ ਮਹਲਾ ੫ ॥

ਮੰਗਲ ਸਾਜੁ ਭਇਆ ਪ੍ਰਭੁ ਅਪੁਨਾ ਗਾਇਆ ਰਾਮ ॥ ਅਬਿਨਾਸੀ ਵਰੁ ਸੁਣਿਆ ਮਨਿ ਉਪਜਿਆ ਚਾਇਆ ਰਾਮ ॥ ਮਨਿ ਪ੍ਰੀਤ ਲਾਗੈ ਵਡੈ ਭਾਗੈ ਕਬ ਮਿਲੀਐ ਪੂਰਨ ਪਤੇ ॥ ਸਹਜੇ ਸਮਾਈਐ ਗੋਵਿੰਦੁ ਗਾਈਐ ਦੇਹੁ ਸਖੀਏ ਮੋਹਿ ਮਤੇ ॥ ਦਿਨੁ ਰੈਣਿ ਠਾਢੀ ਕਰਉ ਸੇਵਾ ਪ੍ਰਭੁ ਕਵਨੁ ਜੁਗਤੀ ਪਾਇਆ ॥ ਬਿਨਵੰਤਿ ਨਾਨਕ ਕਰਹੁ ਕਿਰਪਾ ਲੈਹੁ ਮੋਹਿ ਲੜਿ ਲਾਇਆ॥੨॥

ਵਿਧੀ–ਇਸ ਸ਼ਬਦ ਨੂੰ ੧੦੧ ਵਾਰ ਹਰ ਰੋਜ਼ ੪੧ ਦਿਨ ਜਪਣਾ। ਘਰ ਵਿਚੋਂ ਸੋਗ ਦੂਰ ਹੋ ਜਾਵੇਗਾ ਤੇ ਖੁਸ਼ੀਆਂ ਦਾ ਵਾਤਾਵਰਨ ਬਣ ਜਾਵੇਗਾ।

## ਸ਼ਬਦ ਨੰ: ੩੦

### ਗਉੜੀ ਮਾਝ ਮਹਲਾ ੪ ॥

ਵਸੁ ਮੇਰੇ ਪਿਆਰਿਆ ਵਸੁ ਮੇਰੇ ਗੋਵਿੰਦਾ ਹਰ ਹਰਿ ਕਿਰਪਾ ਮਨਿ ਵਸੁ ਜੀਉ॥ ਮਨ ਚਿੰਦਿਅੜਾ ਫਲੁ ਪਾਇਆ ਮੇਰੇ ਗੋਵਿੰਦਾ ਗੁਰੁ ਪੂਰਾ ਵੇਖ ਵਿਗਸੁ

Digitized by Panjab Digital Library / www.panjabdigilib.org

ਜੀਉ॥ ਹਰਿ ਨਾਮੁ ਮਿਲਿਆ ਸੋਹਾਗਣੀ ਮੇਰੇ ਗੋਵਿੰਦਾ ਮਨਿ ਅਨਦਿਨੁ ਅਨਦੁ ਰਹਸੁ ਜੀਉ ॥ ਹਰਿ ਪਾਇਅੜਾ ਵਡਭਾਗੀਈ ਮੇਰੇ ਗੋਵਿੰਦਾ ਨਿਤ ਲੈ ਲਾਹਾ ਮਨਿ ਹਸੁ ਜੀਉ ॥ ੩ ॥

ਵਿਧੀ–ਇਸ ਸ਼ਬਦ ਦਾ ਦੁਪਹਿਰ ਪਿਛੋਂ ੨੫ ਵਾਰ ਲਗਾਤਾਰ ਪੰਜ ਮੰਗਲਵਾਰ ਪਾਠ ਕਰਨਾ। ਘਰ ਵਿਚ ਸਦਾ ਮੰਗਲ ਤੇ ਪ੍ਰਸੰਨਤਾ ਬਣੀ ਰਹੇਗੀ ਸਤਿਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਹੋਣਗੀਆਂ।

## ਸ਼ਬਦ ਨੰ: ੩੧

### ਗਉੜੀ ਗੁਆਰੇਰੀ ਮਹਲਾ ੫ ॥

ਜਿਨਿ ਕੀਤਾ ਮਾਟੀ ਤੇ ਰਤਨੁ ॥ ਗਰਭ ਮਹਿ ਰਾਖਿਆ ਜਿਨਿ ਕਰਿ ਜਤਨੁ ॥ ਜਿਨਿ ਦੀਨੀ ਸੋਭਾ ਵਡਿਆਈ ॥ ਤਿਸ ਪ੍ਰਭ ਕਉ ਆਠ ਪਹਰ ਧਿਆਈ ॥ ੧ ॥ ਰਮਈਆ ਰੇਨੁ ਸਾਧ ਜਨ ਪਾਵਉ ॥ ਗੁਰ ਮਿਲਿ ਅਪੁਨਾ ਖਸਮੁ ਧਿਆਵਉ ॥ ੧ ॥ ਰਹਾਉ ॥ ਜਿਨਿ ਕੀਤਾ ਮੂੜ ਤੇ ਬਕਤਾ ॥ ਜਿਨਿ ਕੀਤਾ ਬੇਸੁਰਤ ਤੇ ਸੁਰਤਾ ॥ ਜਿਸੁ ਪਰਸਾਦਿ ਨਵੈ ਨਿਧਿ ਪਾਈ ॥ ਸੋ ਪ੍ਰਭੁ ਮਨ ਤੇ ਬਿਸਰਤ ਨਾਹੀ ॥ ੨ ॥ ਜਿਨਿ ਦੀਆ ਨਿਥਾਵੇ ਕਉ ਥਾਨੁ ॥ ਜਿਨਿ ਦੀਆ ਨਿਮਾਨੇ ਕਉ ਮਾਨ॥ ਜਿਨਿ ਕੀਨੀ ਸਭ ਪੂਰਨ ਆਸਾ॥ਸਿਮਰਉ ਦਿਨੁ ਰੈਨਿ ਸਾਸਿ ਗਿਰਾਸਾ ॥ ੩ ॥ ਜਿਸੁ ਪ੍ਰਸਾਦਿ ਮਾਇਆ ਸਿਲਕ ਕਾਟੀ ॥ ਗੁਰ ਪ੍ਰਸਾਦਿ ਅੰਮ੍ਰਿਤੁ ਬਿਖੁ ਖਾਟੀ॥ ਕਹੁ ਨਾਨਕ ਇਸ ਤੇ ਕਿਛੁ ਨਾਹੀ॥ ਰਾਖਨਹਾਰੇ ਕਉ ਸਾਲਾਹੀ ॥ ੪ ॥ ੬ ॥ ੭੬ ॥

ਵਿਧੀ–ਇਸ ਸ਼ਬਦ ਦਾ ਪਾਠ ਪੁਤ੍ਰ ਦੇ ਜਨਮ ਸਮੇਂ ੪੦ ਵਾਰੀ ਕਰੇ। ਪੁਤ੍ਰ ਭਗਤੀ ਭਾਵਨਾ ਵਾਲਾ ਤੇ ਸ਼ੁਭ ਲੱਛਣਾ ਵਾਲਾ ਹੋਵੇ। ਪੁਤਰ ਆਗਿਆ ਕਾਰ ਤੇ ਸੇਵਾ ਕਰਨ ਵਾਲਾ ਹੋਵੇ।

Digitized by Panjab Digital Library | www.panjabdigilib.org

## ਸ਼ਬਦ ਨੰ: ੩੨

### ਬਿਲਾਵਲੁ ਮਹਲਾ ੫ ॥

ਲਾਲ ਰੰਗੁ ਤਿਸ ਕਉ ਲਗਾ ਜਿਸ ਕੇ ਵਡਭਾਗਾ ॥ ਮੈਲਾ ਕਦੇ ਨ ਹੋਵਈ ਨਹ ਲਾਗੈ ਦਾਗਾ ॥੧॥ ਪ੍ਰਭੁ ਪਾਇਆ ਸੁਖਦਾਈਆ ਮਿਲਿਆ ਸੁਖ ਭਾਇ॥ਸਹਜਿ ਸਮਾਨਾ ਭੀਤਰੇ ਛੋਡਿਆ ਨਹ ਜਾਇ॥੧॥ ਰਹਾਉ॥ ਜਰਾ ਮਰਾ ਨਹ ਵਿਆਪਈ ਫਿਰਿ ਦੂਖੁ ਨ ਪਾਇਆ ॥ ਪੀ ਅੰਮ੍ਰਿਤੁ ਆਘਾਨਿਆ ਗੁਰਿ ਅਮਰੁ ਕਰਾਇਆ ॥ ੨ ॥ ਸੋ ਜਾਨੈ ਜਿਨਿ ਚਾਖਿਆ ਹਰਿ ਨਾਮ ਅਮੋਲਾ ॥ ਕੀਮਤਿ ਕਹੀ ਨ ਜਾਈਐ ਕਿਆ ਕਹਿ ਮੁਖਿ ਬੋਲਾ ॥੩॥ ਸਫਲ ਦਰਸੁ ਤੇਰਾ ਪਾਰਬ੍ਰਹਮ ਗੁਣ ਨਿਧਿ ਤੇਰੀ ਬਾਨੀ ॥ ਪਾਵਉ ਧੂਰਿ ਤੇਰੇ ਦਾਸ ਕੀ ਨਾਨਕ ਕੁਰਬਾਨੀ ॥੪॥੩॥੨੩॥

ਵਿਧੀ–ਇਸ ਸ਼ਬਦ ਨੰ: ੬੧ ਦਿਨ ੧੦੯ ਵਾਰ ਹਰ ਰੋਜ਼ ਜਪਣਾ। ਭਗਤ ਦੀ ਕੀਤੀ ਘਾਲਨਾ ਪ੍ਰਵਾਨ ਹੁੰਦੀ ਹੈ। ਭਲੇ ਪੁਰਸ਼ਾਂ ਦੀ ਸੰਗਤ ਪ੍ਰਾਪਤ ਹੁੰਦੀ ਹੈ।

## ਸ਼ਬਦ ਨੰ: ੩੩

### ਗਉੜੀ ਮਹਲਾ ੫ ॥

ਕਲਿ ਕਲੇਸ ਗੁਰ ਸਬਦਿ ਨਿਵਾਰੇ ॥ ਆਵਣ ਜਾਣ ਰਹੇ ਸੁਖ ਸਾਰੇ॥ ੧॥ ਭੈ ਬਿਨਸੇ ਨਿਰਭਉ ਹਰਿ ਧਿਆਇਆ ॥ ਸਾਧ ਸੰਗਿ ਹਰਿ ਕੇ ਗੁਨ ਗਾਇਆ ॥ ੧ ॥ ਰਹਾਉ ॥ ਚਰਨ ਕਮਲ ਰਿਦ ਅੰਤਰਿ ਧਾਰੇ ॥ ਅਗਨਿ ਸਾਗਰ ਗੁਰਿ ਪਾਰਿ ਉਤਾਰੇ ॥੨॥ ਬੂਡਤ ਜਾਤ ਪੂਰੇ ਗੁਰਿ ਕਾਢੇ ॥ ਜਨਮ ਜਨਮ ਕੇ ਟੂਟੇ ਗਾਢੇ॥੩॥ ਕਹੁ ਨਾਨਕ ਤਿਸੁ ਗੁਰ ਬਲਿਹਾਰੀ ॥ ਜਿਸੁ ਭੇਟਤ ਗਤਿ ਭਈ ਹਮਾਰੀ ॥੪॥੫੬॥੧੨੫॥

ਵਿਧੀ–ਇਸ ਸ਼ਬਦ ਨੂੰ ੯੦ ਦਿਨ ੧੦੯ ਵਾਰ ਜਪਣ ਨਾਲ ਹਰ

Digitized by Panjab Digital Library | www.panjabdigilib.org

ਤਰ੍ਹਾਂ ਦੀਆਂ ਤਕਲੀਫਾਂ ਤੇ ਕਸ਼ਟ ਨਵਿਰਤ ਹੁੰਦੇ ਹਨ। ਕਿਸੇ ਦੁਸ਼ਮਨ ਦਾ ਡਰ ਨਹੀਂ ਰਹਿੰਦਾ।

## ਸ਼ਬਦ ਨੰ: ੩੪

### ਗਉੜੀ ਮਹਲਾ ੫ ਮਾਝ ॥

ਦੁਖ ਭੰਜਨੁ ਤੇਰਾ ਨਾਮੁ ਜੀ ਦੁਖ ਭੰਜਨੁ ਤੇਰਾ ਨਾਮੁ॥ ਆਠ ਪਹਰ ਆਰਾਧੀਐ ਪੂਰਨ ਸਤਿਗੁਰ ਗਿਆਨੁ ॥ ੧ ॥ ਰਹਾਉ ॥ ਜਿਤੁ ਘਟਿ ਵਸਿ ਪਾਰਬ੍ਰਹਮ ਸੋਈ ਸੁਹਾਵਾ ਥਾਉ॥ ਜਮ ਕੰਕਰ ਨੇੜਿ ਨ ਆਵਈ ਰਸਨਾ ਹਰਿ ਗੁਣ ਗਾਉ ॥ ੧ ॥ ਸੇਵਾ ਸੁਰਤਿ ਨ ਜਾਣੀਆ ਨਾ ਜਾਪੈ ਆਰਾਧਿ ॥ ਓਟਿ ਤੇਰੀ ਜਗਜੀਵਨਾ ਮੇਰੇ ਠਾਕੁਰ ਅਗਮ ਅਗਾਧਿ॥੨॥ਭਏ ਕ੍ਰਿਪਾਲ ਗੁਸਾਈਆ ਨਠੇ ਸੋਗ ਸੰਤਾਪ ॥ ਤਤੀ ਵਾਉ ਨ ਲਗਈ ਸਤਿਗੁਰਿ ਰਖੇ ਆਪਿ ॥ ੩ ॥ ਗੁਰ ਨਾਰਾਇਣੁ ਦਯੁ ਗੁਰੁ ਗੁਰੁ ਸਚਾ ਸਿਰਜਣਹਾਰੁ ॥ ਗੁਰ ਤੁਠੈ ਸਭ ਕਿਛੁ ਪਾਇਆ ਜਨ ਨਾਨਕ ਸਦ ਬਲਿਹਾਰ ॥੪॥੨॥੧੭੦॥

ਵਿਧੀ–ਇਸ ਸ਼ਬਦ ਸਵਾ ਮਹੀਨਾ ਹਰ ਰੋਜ਼ ੨੧ ਵਾਰ ਜਪਣ ਨਾਲ ਹਰ ਤਰ੍ਹਾਂ ਦੇ ਸੰਸਾਰਕ ਪਦਾਰਥਾਂ ਦੀ ਪ੍ਰਾਪਤੀ ਹੋਵੇ ਤੇ ਸਭ ਕਸ਼ਟ ਨਵਿਰਤ ਹੋਵਣ। ਘਰ ਵਿਚ ਸੁਖ ਦਾ ਵਾਤਾਵਰਣ ਬਣਿਆ ਰਹੇ। ਚਿਰਾਂ ਦੇ ਚਲ ਰਹੇ ਮੁਕੱਦਮੇ ਵਿਚ ਫਤਹ ਹੋਵੇ। ਅਟਕੇ ਕਾਰਜ ਸੌਰਣ।

## ਸ਼ਬਦ ਨੰ: ੩੫

### ਮਾਝ ਮਹਲਾ ੫ ॥

ਪ੍ਰਭ ਕਿਰਪਾ ਤੇ ਹਰਿ ਹਰਿ ਧਿਆਵਉ ॥ ਪ੍ਰਭੁ ਦਇਆ ਮੰਗਲੁ ਗਾਵਉ ॥ ਊਠਤ ਬੈਠਤ ਸੋਵਤ ਜਾਗਤ ਹਰਿ ਧਿਆਈਐ ਸਗਲ ਅਵਰਦਾ ਜੀਉ ॥੧॥ ਨਾਮੁ ਅਉਖਧੁ ਮੋਕਉ ਸਾਧੂ ਦੀਆ ॥ ਕਿਲਬਿਖ ਕਾਟੇ ਨਿਰਮਲੁ ਥੀਆ॥ ਅਨਦੁ ਭਇਆ ਨਿਕਸੀ ਸਭ ਪੀਰਾ ਸਗਲ ਬਿਨਾਸੇ ਦਰਦਾ ਜੀਉ॥

Digitized by Panjab Digital Library / www.panjabdigilib.org

੨। ਜਿਸ ਕਾ ਅੰਗੁ ਕਰੇ ਮੇਰਾ ਪਿਆਰਾ॥ ਸੋ ਮੁਕਤਾ ਸਾਗਰ ਸੰਸਾਰਾ॥ ਸਤਿ ਕਰੇ ਜਿਨਿ ਗੁਰੂ ਪਛਾਤਾ ਸੋ ਕਾਹੇ ਕਉ ਡਰਦਾ ਜੀਉ ॥੩॥ ਜਬ ਤੇ ਸਾਧੂ ਸੰਗਤਿ ਪਾਏ ॥ ਗੁਰ ਭੇਟਤ ਹਉ ਗਈ ਬਲਾਏ ॥ ਸਾਸਿ ਸਾਸਿ ਹਰਿ ਗਾਵੈ ਨਾਨਕੁ ਸਤਿਗੁਰ ਢਾਕਿ ਲੀਆ ਮੇਰਾ ਪੜਦਾ ਜੀਉ ॥੪॥੧੭॥੨੪॥

ਵਿਧੀ—ਇਹ ਸ਼ਬਦ ੧੦੧ ਦਿਨ ੧੦੮ ਵਾਰ ਹਰ ਰੋਜ਼ ਜਪੇ। ਪਰਵਾਰਕ ਕਸ਼ਟ ਤੇ ਦੁਬਿਧਾ, ਲੜਾਈ ਝਗੜੇ ਨਿਵਿਰਤ ਹੋਵਣ। ਸਰੀਰ ਅਰੋਗ ਹੋਵੇ। ਲੋਕਾਂ ਵਿਚ ਇਜ਼ਤ ਮਾਣ ਤੇ ਸਤਕਾਰ ਵਧੇ।

## ਸ਼ਬਦ ਨੰ: ੩੬

### ਆਸਾ ਮਹਲਾ ੫ ਬਿਰਹੜੇ ਘਰੁ ੪ ॥

ਪਾਰਬ੍ਰਹਮ ਪ੍ਰਭੁ ਸਿਮਰੀਐ ਪਿਆਰੇ ਦਰਸਨ ਕਉ ਬਲਿ ਜਾਉ ॥੧॥ ਜਿਸੁ ਸਿਮਰਤ ਦੁਖ ਬੀਸਰਹਿ ਪਿਆਰੇ ਸੋ ਕਿਉ ਤਜਣਾ ਜਾਇ ॥੨॥ ਇਹੁ ਤਨੁ ਵੇਚੀ ਸੰਤ ਪਹਿ ਪਿਆਰੇ ਪ੍ਰੀਤਮੁ ਦੇਇ ਮਿਲਾਇ ॥੩॥ ਸੁਖ ਸੀਗਾਰ ਬਿਖਿਆ ਕੇ ਫੀਕੇ ਤਜਿ ਛੋਡੇ ਮੇਰੀ ਮਾਇ ॥੪॥ ਕਾਮੁ ਕ੍ਰੋਧੁ ਲੋਭੁ ਤਜਿ ਗਏ ਪਿਆਰੇ ਸਤਿਗੁਰ ਚਰਨੀ ਪਾਇ ॥੫॥ ਜੋ ਜਨ ਰਾਤੇ ਰਾਮ ਸਿਉ ਪਿਆਰੇ ਅਨਤ ਨ ਕਾਹੂ ਜਾਇ॥੬॥ ਹਰਿ ਰਸੁ ਜਿਨੀ ਚਾਖਿਆ ਪਿਆਰੇ ਤ੍ਰਿਪਤਿ ਰਹੇ ਆਘਾਇ ॥੭॥ ਅੰਚਲੁ ਗਹਿਆ ਸਾਧ ਕਾ ਨਾਨਕ ਭੈ ਸਾਗਰੁ ਪਾਰਿ ਪਰਾਇ ॥੮॥

ਵਿਧੀ—ਇਸ ਸ਼ਬਦ ਨੂੰ ੪੦ ਦਿਨ ਰੋਜ਼ਾਨਾ ੨੧ ਵਾਰ ਜਪਣ ਨਾਲ ਕਾਮ, ਕ੍ਰੋਧ, ਲੋਭ, ਮੋਹ ਤੇ ਅਹੰਕਾਰ ਆਦਿ ਵਿਕਾਰ ਨਾਸ ਹੋ ਜਾਂਦੇ ਹਨ ਤੇ ਹਿਰਦਾ ਨਿਰਮਲ ਹੋ ਜਾਂਦਾ ਹੈ।

## ਸ਼ਬਦ ਨੰ: ੩੭

### ਡਖਣੇ ਮਹਲਾ ੫ ॥ ਪਉੜੀ ॥

ਜੋ ਤੂ ਮੇਰੈ ਵਲਿ ਹੈ ਤਾ ਕਿਆ ਮੁਹਛੰਦਾ ॥ ਤੁਧੁ ਸਭ ਕਿਛੁ ਮੈਨੋ

Digitized by Panjab Digital Library | www.panjabdigilib.org

ਸਉਪਿਆ ਜਾ ਤੇਰਾ ਬੰਦਾ ॥ ਲਖਮੀ ਤੋਟਿ ਨ ਆਵਈ ਖਾਇ ਖਰਚਿ ਰਹੰਦਾ॥ ਲਖ ਚਉਰਾਸੀਹ ਮੇਦਨੀ ਸਭ ਸੇਵ ਕਰੰਦਾ ॥ ਏਹ ਵੈਰੀ ਮਿਤ੍ਰ ਸਭਿ ਕੀਤਿਆ ਨਹ ਮੰਗਹਿ ਮੰਦਾ ॥ ਲੇਖਾ ਕੋਇ ਨ ਪੁਛਈ ਜਾ ਹਰਿ ਬਖਸੰਦਾ ॥ ਅਨੰਦ ਭਇਆ ਸੁਖੁ ਪਾਇਆ ਮਿਲਿ ਗੁਰ ਗੋਵਿੰਦਾ॥ ਸਭੇ ਕਾਜ ਸਵਾਰਿਐ ਜਾ ਤੁਧੁ ਭਾਵੰਦਾ ॥ ੭ ॥

ਵਿਧੀ—ਇਸ ਸ਼ਬਦ ਨੂੰ ਹਰ ਰੋਜ਼ ੨੧ ਵਾਰੀ ਲਗਾਤਾਰ ਜਪਦੇ ਰਹਿਣ ਨਾਲ ਦੁਸ਼ਮਨ ਵੀ ਮਿੱਤਰ ਬਣ ਜਾਂਦੇ ਹਨ ਤੇ ਹਰ ਪ੍ਰਕਾਰ ਦੀਆਂ ਚਿੰਤਾਵਾਂ ਨਾਸ ਹੋ ਜਾਂਦੀਆਂ ਹਨ। ਘਰ ਵਿਚ ਬੇਅੰਤ ਧਨ ਆਉਂਦਾ ਹੈ।

## ਸ਼ਬਦ ਨੰ: ੩੮

## ਗਉੜੀ ਮਹਲਾ ੫ ॥

ਰਾਖਿ ਲੀਆ ਗੁਰਿ ਪੂਰੈ ਆਪਿ॥ ਮਨਮੁਖ ਕਉ ਲਾਗੋ ਸੰਤਾਪੁ ॥੧॥ ਗੁਰੂ ਗੁਰੂ ਜਪਿ ਮੀਤ ਹਮਾਰੇ ॥ ਮੁਖ ਊਜਲ ਹੋਵਹਿ ਦਰਬਾਰੇ ॥੧॥ ਰਹਾਉ॥ ਗੁਰ ਕੇ ਚਰਣ ਹਿਰਦੈ ਵਸਾਇ ॥ ਦੁਖ ਦੁਸਮਨ ਤੇਰੀ ਹਤੈ ਬਲਾਇ ॥ ੨ ॥ ਗੁਰ ਕਾ ਸਬਦੁ ਤੇਰੈ ਸੰਗਿ ਸਹਾਈ ॥ ਦਇਆਲ ਭਏ ਸਗਲੇ ਜੀਅ ਭਾਈ ॥ ੩ ॥ ਗੁਰਿ ਪੂਰੈ ਜਬ ਕਿਰਪਾ ਕਰੀ ॥ ਭਨਤਿ ਨਾਨਕ ਮੇਰੀ ਪੂਰੀ ਪੂਰੀ ॥ ੪ ॥ ੫੪ ॥ ੧੨੩ ॥

ਵਿਧੀ—ਇਸ ਸ਼ਬਦ ਦਾ ੪੦ ਦਿਨ ਹਰ ਰੋਜ਼ ੧੦੮ ਵਾਰੀ ਪਾਠ ਕਰਨ ਨਾਲ ਪਾਪੀਆਂ ਦੁਸ਼ਮਨਾਂ ਦਾ ਜ਼ੋਰ ਦੂਰ ਹੋਵੇ ਤੇ ਸਤਿਗੁਰੂ ਜੀ ਸੰਕਟਾਂ ਤੋਂ ਰਖਿਆ ਕਰਨ।

## ਸ਼ਬਦ ਨੰਬਰ ੩੯

## ਸੋਰਠਿ ਮਹਲਾ ੫ ॥

ਗੁਰ ਕਾ ਸਬਦੁ ਰਖਵਾਰੇ॥ ਚਉਕੀ ਚਉਗਿਰਦ ਹਮਾਰੇ ॥ ਰਾਮ ਨਾਮਿ ਮਨੁ ਲਾਗਾ ॥ ਜਮੁ ਲਜਾਇ ਕਰਿ ਭਾਗਾ॥੧॥ ਪ੍ਰਭ ਜੀ ਤੂ ਮੇਰੋ ਸੁਖ ਦਾਤਾ॥

Digitized by Panjab Digital Library | www.panjabdigilib.org

ਬੰਧਨ ਕਾਟਿ ਕਰੈ ਮਨੁ ਨਿਰਮਲੁ ਪੂਰਨ ਪੁਰਖੁ ਬਿਧਾਤਾ ॥ਰਹਾਉ॥ ਨਾਨਕ ਪ੍ਰਭੁ ਅਬਿਨਾਸੀ ॥ ਤਾਕੀ ਸੇਵ ਨ ਬਿਰਥੀ ਜਾਸੀ॥ਅਨਦ ਕਰਹਿ ਤੇਰੇਦਾਸਾ॥ ਜਪਿ ਪੂਰਨ ਹੋਈ ਆਸਾ ॥ ੨ ॥ ੪ ॥ ੬੯ ॥

ਵਿਧੀ–ਇਹ ਸ਼ਬਦ ੧੦੧ ਦਿਨ ੧੦੮ ਵਾਰ ਹਰ ਰੋਜ਼ ਜਪਣ ਨਾਲ ਸਰੀਰ ਦੀ ਰਖਿਆ ਹੁੰਦੀ ਹੈ ਤੇ ਸਭ ਬੰਧਨ ਟੁਟ ਜਾਂਦੇ ਹਨ।

## ਸ਼ਬਦ ਨੰ: ੪੦

### ਮਾਝ ਮਹਲਾ ੫ ॥

ਹੁਕਮੀ ਵਰਸਣ ਲਾਗੇ ਮੇਹਾ ॥ ਸਾਜਨ ਸੰਤ ਮਿਲਿ ਨਾਮੁ ਜਪੇਹਾ ॥ ਸੀਤਲ ਸਾਂਤਿ ਸਹਜ ਸੁਖੁ ਪਾਇਆ ਠਾਢਿ ਪਾਈ ਪ੍ਰਭਿ ਆਪੇ ਜੀਉ ॥ ੧ ॥ ਸਭੁ ਕਿਛੁ ਬਹੁਤੋ ਬਹੁਤੁ ਉਪਾਇਆ॥ ਕਰਿ ਕਿਰਪਾ ਪ੍ਰਭਿ ਸਗਲ ਰਜਾਇਆ॥ ਦਾਤਿ ਕਰਹੁ ਮੇਰੇ ਦਾਤਾਰਾ ਜੀਅ ਜੰਤ ਸਭਿ ਧ੍ਰਾਪੇ ਜੀਉ ॥੨॥ ਸਚਾ ਸਾਹਿਬੁ ਸਚੀ ਨਾਈ ॥ ਗੁਰ ਪਰਸਾਦਿ ਤਿਸੁ ਸਦਾ ਧਿਆਈ॥ ਜਨਮ ਮਰਣ ਭੈ ਕਾਟੇ ਮੋਹਾ ਬਿਨਸੇ ਸੋਗ ਸੰਤਾਪੇ ਜੀਉ ॥ ੩ ॥ ਸਾਸਿ ਸਾਸਿ ਨਾਨਕੁ ਸਾਲਾਹੇ ॥ ਸਿਮਰਤ ਨਾਮੁ ਕਾਟੇ ਸਭਿ ਫਾਹੇ॥ ਪੂਰਨ ਆਸ ਕਰੀ ਖਿਨ ਭੀਤਰਿ ਹਰਿ ਹਰਿ ਹਰਿ ਗੁਣ ਜਾਪੇ ਜੀਉ ॥ ੪ ॥ ੨੭ ॥ ੩੪ ॥

ਵਿਧੀ–ਇਸ ਸ਼ਬਦ ਦੇ ੪੧ ਦਿਨ ੪੧ ਪਾਠ ਹਰ ਰੋਜ਼ ਕਰਨ ਨਾਲ ਔੜ ਹਟ ਜਾਵੇ, ਮੋਹਲੇਧਾਰ ਮੀਂਹ ਵਰਸੇ ਹਰ ਪਾਸੇ ਹਰਿਆਵਲ ਹੋਵੇ।

## ਸ਼ਬਦ ਨੰ: ੪੧

### ਗਉੜੀ ਮਹਲਾ ੫ ॥

ਨੇਤ੍ਰ ਪ੍ਰਗਾਸਿ ਕੀਆ ਗੁਰਦੇਵ ॥ ਭਰਮ ਗਏ ਪੂਰਨ ਭਈ ਸੇਵ॥ ੧ ॥ ਰਹਾਉ ॥ ਸੀਤਲਾ ਤੇ ਰਖਿਆ ਬਿਹਾਰੀ ॥ ਪਾਰਬ੍ਰਹਮ ਪ੍ਰਭ ਕਿਰਪਾ ਧਾਰੀ॥੧॥ ਨਾਨਕ ਨਾਮੁ ਜਪੈ ਸੋ ਜੀਵੈ॥ ਸਾਧ ਸੰਗਿ ਹਰਿ ਅੰਮ੍ਰਿਤੁ ਪੀਵੈ ॥੨॥੧੦੩॥

Digitized by Panjab Digital Library / www.panjabdigilib.org

ਵਿਧੀ—ਇਸ ਸ਼ਬਦ ਨੂੰ ੧੦੯ ਦਿਨ ੧੦੯ ਵਾਰ ਹਰ ਰੋਜ਼ ਜਪਣ ਨਾਲ ਨੇਤਰਾਂ ਦੇ ਸਰਬ ਰੋਗ ਦੂਰ ਹੋ ਜਾਂਦੇ ਹਨ। ਸੀਤਲਾ (ਮਾਤਾ) ਦਾ ਦੁਖ ਵੀ ਨਵਿਰਤ ਹੋ ਜਾਂਦਾ ਹੈ।

## ਸ਼ਬਦ ਨੰ: ੪੨

### ਸੋਰਠ ਮਹਲਾ ੫ ॥

ਜੀਅ ਜੰਤ ਸਭਿ ਵਸਿ ਕਰਿ ਦੀਨੇ ਸੇਵਕ ਸਭਿ ਦਰਬਾਰੇ॥ ਅੰਗੀਕਾਰੁ ਕੀਓ ਪ੍ਰਭ ਅਪੁਨੇ ਭਵਨਿਧਿ ਪਾਰਿ ਉਤਾਰੇ ॥ ੧ ॥ ਸੰਤਨ ਕੇ ਕਾਰਜ ਸਗਲ ਸਵਾਰੇ॥ ਦੀਨ ਦਇਆਲ ਕ੍ਰਿਪਾਲ ਕ੍ਰਿਪਾ ਨਿਧਿ ਪੂਰਨ ਖਸਮ ਹਮਾਰੇ ॥੧॥ ਰਹਾਉ ॥ ਆਉ ਬੈਠੁ ਆਦਰੁ ਸਭ ਥਾਈ ਊਨ ਨ ਕਤਹੂ ਬਾਤਾ ॥ ਭਗਤਿ ਸਿਰਪਾਉ ਦੀਓ ਜਨ ਅਪੁਨੇ ਪ੍ਰਤਾਪੁ ਨਾਨਕ ਪ੍ਰਭੁ ਜਾਤਾ ॥੨॥੩੦॥੯੪॥

ਵਿਧੀ—ਇਸ ਸ਼ਬਦ ਦੇ ੯੦ ਦਿਨ ਹਰ ਰੋਜ਼ ੪੦ ਪਾਠ ਕਰਨ ਨਾਲ ਰਾਜ ਦਰਬਾਰ ਵਿਚ ਉੱਚੀ ਪਦਵੀ ਮਿਲੇ ਤੇ ਨੌਕਰੀ ਵਿਚ ਤਰੱਕੀ ਹੋਵੇ।

## ਸ਼ਬਦ ਨੰਬਰ ੪੩

ਸਗਲ ਸ੍ਰਿਸਟਿ ਕੋ ਰਾਜਾ ਦੁਖੀਆ ॥ ਹਰਿ ਕਾ ਨਾਮੁ ਜਪਤ ਹੋਇ ਸੁਖੀਆ ॥ ਲਾਖ ਕਰੋਰੀ ਬੰਧੁ ਨ ਪਰੈ ॥ ਹਰਿ ਕਾ ਨਾਮੁ ਜਪਤ ਨਿਸਤਰੈ ॥ ਅਨਿਕ ਮਾਇਆ ਰੰਗ ਤਿਖ ਨ ਬੁਝਾਵੈ ॥ ਹਰਿ ਕਾ ਨਾਮੁ ਜਪਤ ਆਘਾਵੈ॥ ਜਿਹ ਮਾਰਗਿ ਇਹੁ ਜਾਤ ਇਕੇਲਾ॥ ਤਹ ਹਰਿਨਾਮੁ ਸੰਗਿ ਹੋਤ ਸੁਹੇਲਾ॥ ਐਸਾ ਨਾਮੁ ਮਨ ਸਦਾ ਧਿਆਈਐ॥ ਨਾਨਕ ਗੁਰਮੁਖਿ ਪਰਮਗਤਿ ਪਾਈਐ ॥

(ਸੁਖਮਨੀ ਸਾਹਿਬ)

ਵਿਧੀ—ਇਹ ਪਉੜੀ ੪੦ ਵਾਰੀ ਹਰ ਰੋਜ਼ ਪੜ੍ਹਨ ਨਾਲ ਸਭ ਸੰਕਟਾਂ ਤੋਂ ਛੁਟਕਾਰਾ ਹੋ ਜਾਂਦਾ ਹੈ। ਕੈਦ ਵਿਚ ਪਿਆ ਮਨੁੱਖ ਰਿਹਾ ਹੋ ਜਾਂਦਾ ਹੈ ਤੇ ਮਾਣ ਸਤਕਾਰ ਵਧਦਾ ਹੈ।

Digitized by Panjab Digital Library , www.panjabdigilib.org

## ਸ਼ਬਦ ਨੰ: ੪੪

### ਜੈਤਸਰੀ ਮਹਲਾ ੫ ਘਰੁ ੩ ਦੁਪਦੇ

### ੧ ੴ ਸਤਿਗੁਰ ਪ੍ਰਸਾਦਿ ॥

ਦੇਹੁ ਸੰਦੇਸਰੋ ਕਹੀਅਉ ਪ੍ਰਿਅ ਕਹੀਅਉ॥ ਬਿਸਮੁ ਭਈ ਮੈ ਬਹੁ ਬਿਧਿ ਸੁਨਤੇ ਕਹਹੁ ਸੁਹਾਗਨਿ ਸਹੀਅਉ ॥ ੧ ॥ ਰਹਾਉ ॥ ਕੋ ਕਹਤੋ ਸਭ ਬਾਹਰਿ ਬਾਹਰਿ ਕੋ ਕਹਤੋ ਸਭ ਮਹੀਅਉ ॥ ਬਰਨ ਨ ਦੀਸੈ ਚਿਹਨੁ ਨ ਲਖੀਐ ਸੁਹਾਗਨਿ ਸਾਤਿ ਬੁਝਹੀਅਉ ॥੧॥ ਸਰਬ ਨਿਵਾਸੀ ਘਟਿ ਘਟਿ ਵਾਸੀ ਲੇਪੁ ਨਹੀ ਅਲਪਹੀਅਉ ॥ ਨਾਨਕ ਕਹਤ ਸੁਨਹੁ ਰੇ ਲੋਗਾ ਸੰਤ ਰਸਨ ਕੋ ਬਸਹੀਅਉ ॥ ੨ ॥

ਵਿਧੀ–ਇਸ ਸ਼ਬਦ ਦਾ ਸਵਾ ਮਹੀਨਾ ਹਰ ਰੋਜ਼ ੧੦੯ ਵਾਰ ਪਾਠ ਕਰਨ ਨਾਲ ਵਿਛੜੇ ਸਜਣ ਮਿੱਤਰ ਤੇ ਸਬੰਧੀ ਦਾ ਮਿਲਾਪ ਹੋਵੇ।

## ਸ਼ਬਦ ਨੰ: ੪੫

### ਬਿਲਾਵਲੁ ਮਹਲਾ ੫ ॥

ਆਪੁਨਾ ਪ੍ਰਭੁ ਆਇਆ ਚੀਤਿ ॥ ਦੁਸਮਨ ਦੁਸਟ ਰਹੇ ਝਖ ਮਾਰਤ ਕੁਸਲੁ ਭਇਆ ਮੇਰੇ ਭਾਈ ਮੀਤ ॥ ੧ ॥ ਰਹਾਉ ॥ ਗਈ ਬਿਆਧਿ ਉਪਾਧਿ ਸਭ ਨਾਸੀ ਅੰਗੀਕਾਰੁ ਕੀਓ ਕਰਤਾਰਿ॥ ਸਾਂਤਿ ਸੂਖ ਅਰੁ ਅਨਦ ਘਨੇਰੇ ਪ੍ਰੀਤਮ ਨਾਮੁ ਰਿਦੈ ਉਰ ਹਾਰਿ ॥੧॥ ਜੀਉ ਪਿੰਡੁ ਧਨੁ ਰਾਸਿ ਪ੍ਰਭ ਤੇਰੀ ਤੂੰ ਸਮਰਥੁ ਸੁਆਮੀ ਮੇਰਾ ॥ ਦਾਸ ਅਪੁਨੇ ਕਉ ਰਾਖਨਹਾਰਾ ਨਾਨਕ ਦਾਸ ਸਦਾ ਹੈ ਚੇਰਾ ॥ ੨ ॥ ੨੫ ॥

ਵਿਧੀ–ਇਸ ਸ਼ਬਦ ਨੂੰ ੪੦ ਦਿਨ ਹਰ ਰੋਜ਼ ੧੦੯ ਵਾਰ ਜਪਣ ਨਾਲ ਪ੍ਰਭੂ ਦਾ ਹਿਰਦੇ ਵਿਚ ਵਾਸਾ ਹੁੰਦਾ ਹੈ ਤੇ ਸਭ ਵਿਘਨ, ਆਧੀਆਂ, ਬਿਆਧੀਆਂ ਤੇ ਉਪਾਧੀਆਂ ਨਾਸ ਹੋ ਜਾਂਦੀਆਂ ਹਨ ਤੇ ਸੁਖ ਸ਼ਾਂਤੀ ਪ੍ਰਾਪਤ ਹੁੰਦੀ ਹੈ।

Digitized by Panjab Digital Library | www.panjabdigilib.org

## ਸ਼ਬਦ ਨੰ: ੪੬

### ਆਸਾ ਮਹਲਾ ੫ ॥

ਬੁਧਿ ਪ੍ਰਗਾਸਿ ਭਈ ਮਤਿ ਪੂਰੀ ॥ ਤਾ ਤੇ ਬਿਨਸੀ ਦੁਰਮਤਿ ਦੂਰੀ ॥੧॥ ਐਸੀ ਗੁਰਮਤਿ ਪਾਈਅਲੇ॥ ਬੂਡਤ ਘੋਰ ਅੰਧਕੂਪ ਮਹਿ ਨਿਕਸਿਓ ਮੇਰੇ ਭਾਈ ਰੇ ॥ ੧ ॥ ਰਹਾਉ ॥ ਮਹਾ ਅਗਾਹ ਅਗਨਿ ਕਾ ਸਾਗਰੁ ॥ ਗੁਰੁ ਬੋਹਿਥੁ ਤਾਰੇ ਰਤਨਾਗਰੁ ॥੨॥ ਦੁਤਰ ਅੰਧ ਬਿਖਮ ਇਹ ਮਾਇਆ ॥ ਗੁਰਿ ਪੂਰੈ ਪਰਗਟੁ ਮਾਰਗੁ ਦਿਖਾਇਆ ॥ ੩ ॥ ਜਾਪ ਤਾਪ ਕਛੁ ਉਕਤ ਨ ਮੋਰੀ॥ ਗੁਰ ਨਾਨਕ ਸਰਣਾਗਤਿ ਤੇਰੀ ॥ ੪ ॥

ਵਿਧੀ–ਇਸ ਸ਼ਬਦ ਨੂੰ ੪੦ ਦਿਨ ੨੧ ਵਾਰ ਰੋਜ਼ ਜਪਣ ਨਾਲ ਗਿਆਨ ਪ੍ਰਾਪਤ ਹੋਕੇ ਬੁਧੀ ਨਿਰਮਲ ਹੋ ਜਾਂਦੀ ਹੈ।

## ਸ਼ਬਦ ਨੰ: ੪੭

### ਆਸਾ ਮਹਲਾ ੫ ॥

ਆਵਹੁ ਮੀਤ ਇਕਤ੍ਰ ਹੋਇ ਰਸਕਸ ਸਭਿ ਭੁੰਚਹ॥ ਅੰਮ੍ਰਿਤ ਨਾਮੁ ਹਰਿ ਹਰਿ ਜਪਹ ਮਿਲਿ ਪਾਪਾ ਮੁੰਚਹ ॥ ੧ ॥ ਤਤੁ ਵੀਚਾਰਹੁ ਸੰਤ ਜਨਹੁ ਤਾ ਤੇ ਬਿਘਨੁ ਨ ਲਾਗੈ॥ ਖੀਨ ਭਏ ਸਭਿ ਤਸਕਰਾ ਗੁਰਮੁਖਿ ਜਨੁ ਜਾਗੈ॥੧॥ ਰਹਾਉ॥ ਬੁਧਿ ਗਰੀਬੀ ਖਰਚੁ ਲੈਹੁ ਹਉਮੈ ਬਿਖੁ ਜਾਰਹੁ ॥ ਸਾਚਾ ਹਟੁ ਪੂਰਾ ਸਉਦਾ ਵਖਰੁ ਨਾਮੁ ਵਾਪਾਰਹੁ ॥੨॥ ਜੀਉ ਪਿੰਡੁ ਧਨੁ ਅਰਪਿਆ ਸੇਈ ਪਤਿਵੰਤੇ ॥ ਆਪਨੜੇ ਪ੍ਰਭ ਭਾਣਿਆ ਨਿਤ ਕੇਲ ਕਰੰਤੇ ॥੩॥ ਦੁਰਮਤਿ ਮਦੁ ਜੋ ਪੀਵਤੇ ਬਿਖਲੀਪਤਿ ਕਮਲੀ॥ ਰਾਮ ਰਸਾਇਣਿ ਜੋ ਰਤੇ ਨਾਨਕ ਸਚ ਅਮਲੀ॥੪॥੧੨॥

ਵਿਧੀ–ਇਸ ਸ਼ਬਦ ਨੂੰ ਬੁਧਵਾਰ ਤੋਂ ਪ ਹਜ਼ਾਰ ੪੦ ਦਿਨਾਂ ਵਿਚ ਜਪਣਾ। ਸਭ ਸੰਬੰਧੀਆਂ ਤੇ ਭਾਈਬੰਦਾਂ ਨਾਲ ਮੇਲ ਮਿਲਾਪ ਹੋਵੇ।

Digitized by Panjab Digital Library / www.panjabdigilib.org

## ਸ਼ਬਦ ਨੰ: ੪੮
### ਆਸਾ ਛੰਤ ਮਹਲਾ ੧ ॥

ਮੁੰਧ ਜੋਬਨਿ ਬਾਲੜੀਏ ਮੇਰਾ ਪਿਰੁ ਰਲੀਆਲਾ ਰਾਮ॥ਧਨ ਪਿਰ ਨੇਹੁ ਘਣਾ ਰਸਿ ਪ੍ਰੀਤਿ ਦਇਆਲਾ ਰਾਮ॥ ਧਨ ਪਿਰਹਿ ਮੇਲਾਹੋਇਸੁਆਮੀ ਆਪਿ ਪ੍ਰਭੁ ਕਿਰਪਾ ਕਰੇ ॥ ਸੇਜਾ ਸੁਹਾਵੀ ਸੰਗਿ ਪਿਰ ਕੈ ਸਾਤ ਸਰ ਅੰਮ੍ਰਿਤ ਭਰੇ॥ ਕਰਿ ਦਇਆ ਮਇਆ ਦਇਆਲ ਸਾਚੇ ਸਬਦਿ ਮਿਲਿ ਗੁਣ ਗਾਵਓ ॥ ਨਾਨਕਾ ਹਰਿ ਵਰੁ ਦੇਖਿ ਬਿਗਸੀ ਮੁੰਧ ਮਨਿ ਓਮਾਹਓ ॥ ੧ ॥

ਵਿਧੀ–ਇਸ ਸ਼ਬਦ ਨੂੰ ੪੦ ਦਿਨਾਂ ਵਿਚ ੧੬ ਸੌ ਜਪਣਾ। ਇਸ ਦੇ ਜਪਣ ਨਾਲ ਵਿਛੜੇ ਪਿਆਰੇ ਦਾ ਮੇਲ ਹੋ ਜਾਂਦਾ ਹੈ

## ਸ਼ਬਦ ਨੰ: ੪੯
### ਬਿਲਾਵਲੁ ਮਹਲਾ ੫ ॥

ਦੋਵੈ ਥਾਵ ਰਖੇ ਗੁਰ ਸੂਰੇ॥ ਹਲਤ ਪਲਤ ਪਾਰਬ੍ਰਹਮਿ ਸਵਾਰੇ ਕਾਰਜ ਹੋਏ ਸਗਲੇ ਪੂਰੇ ॥੧॥ ਰਹਾਉ ॥ ਹਰਿ ਹਰਿ ਨਾਮੁ ਜਪਤ ਸੁਖ ਸਹਜੇ ਮਜਨੁ ਹੋਵਤ ਸਾਧੂ ਧੂਰੇ ॥ ਆਵਣ ਜਾਣ ਰਹੇ ਥਿਤਿ ਪਾਈ ਜਨਮ ਮਰਣ ਕੇ ਮਿਟੇ ਵਿਸੂਰੇ॥੧॥ ਭ੍ਰਮ ਭੈ ਤਰੇ ਛੁਟੇ ਭੈ ਜਮ ਕੇ ਘਟਿ ਘਟਿ ਏਕੁ ਰਹਿਆ ਭਰਪੂਰੇ ॥ ਨਾਨਕ ਸਰਣਿ ਪਰਿਓ ਦੁਖ ਭੰਜਨ ਅੰਤਰਿ ਬਾਹਰਿ ਪੇਖਿ ਹਜੂਰਿ ॥ ੨ ॥ ੨੨ ॥ ੧੦੮ ॥

ਵਿਧੀ–ਇਹ ਸ਼ਬਦ ੪੦ ਦਿਨ ਹਰ ਰੋਜ਼ ੧੦੮ ਵਾਰੀ ਜੈਪਣ ਨਾਲ ਸਭ ਵਿਗੜੇ ਕੰਮ ਸੌਰ ਜਾਂਦੇ ਹਨ ਤੇ ਦੁਸ਼ਮਣ ਮਿੱਤਰ ਬਣ ਜਾਂਦੇ ਹਨ।

Digitized by Panjab Digital Library / www.panjabdigilib.org

## ਸ਼ਬਦ ਨੰ: ੫੦

### ਰਾਗੁ ਸੂਹੀ ਮਹਲਾ ੧ ਘਰੁ ੩

੧ ੴ ਸਤਿਗੁਰ ਪ੍ਰਸਾਦਿ ॥

ਆਵਹੋ ਸਜਣਾ ਹਉ ਦੇਖਾ ਦਰਸਨੁ ਤੇਰਾ ਰਾਮ ॥ ਘਰਿ ਆਪਨੜੈ ਖੜੀ ਤਕਾ ਮੈ ਮਨਿ ਚਾਉ ਘਨੇਰਾ॥ ਮਨਿ ਚਾਉ ਘਨੇਰਾ ਸੁਣਿ ਪ੍ਰਭ ਮੇਰਾ ਮੈ ਤੇਰਾ ਭਰਵਾਸਾ॥ ਦਰਸਨੁ ਦੇਖਿ ਭਈ ਨਿਹਕੇਵਲ ਜਮਮ ਮਰਣ ਦੁਖੁਨਾਸਾ॥ ਸਗਲੀ ਜੋਤਿ ਜਾਤਾ ਤੂ ਸੋਈ ਮਿਲਿਆ ਭਾਇ ਸੁਭਾਏ। ਨਾਨਕ ਸਾਜਣ ਕਉ ਬਲਿ ਜਾਈਐ ਸਾਚਿ ਮਿਲੇ ਘਰਿ ਆਏ ॥ ੧ ॥

ਵਿਧੀ—ਇਸ ਸ਼ਬਦ ਦਾ ੧੦੧ ਦਿਨ ਹਰ ਰੋਜ ੪੦ ਵਾਰੀ ਪਾਠ ਕਰਨ ਨਾਲ ਚੰਗੇ ਸੰਬੰਧੀਆਂ ਨਾਲ ਸੰਜੋਗ ਜੁੜੇ। ਲੜਕੀ ਲੜਕੇ ਦਾ ਰਿਸ਼ਤਾ ਕਰਨ ਸਮੇਂ ਸਾਊ ਤੇ ਗੁਰਮੁਖ ਕੁੜਮਾਂ ਨਾਲ ਮਿਲਾਪ ਹੁੰਦਾ ਹੈ।

## ਸ਼ਬਦ ਨੰ: ੫੧

### ਆਸਾ ਮਹਲਾ ੫ ॥

ਜਿਸੁ ਨੀਚ ਕਉ ਕੋਈ ਨ ਜਾਨੈ ॥ ਨਾਮੁ ਜਪਤ ਉਹੁ ਚਹੁ ਕੁੰਟ ਮਾਨੈ ॥੧॥ ਦਰਸਨੁ ਮਾਗਉ ਦੇਹਿ ਪਿਆਰੇ॥ ਤੁਮਰੀ ਸੇਵਾ ਕਉਨ ਕਉਨ ਨ ਤਾਰੇ॥ ੧ ॥ ਰਹਾਉ ॥ ਜਾ ਕੈ ਨਿਕਟਿ ਨ ਆਵੈ ਕੋਈ ॥ ਸਗਲ ਸ੍ਰਿਸਟਿ ਉਆ ਕੇ ਚਰਨ ਮਲਿ ਧੋਈ ॥ ੨ ॥ ਜੋ ਪ੍ਰਾਨੀ ਕਾਹੂ ਨ ਆਵਤ ਕਾਮ ॥ ਸੰਤ ਪ੍ਰਸਾਦਿ ਤਾ ਕੋ ਜਪੀਐ ਨਾਮ ॥੩॥ ਸਾਧਸੰਗਿ ਮਨ ਸੋਵਤ ਜਾਗੇ ॥ ਤਬ ਪ੍ਰਭ ਨਾਨਕ ਮੀਠੇ ਲਾਗੇ ॥ ੪ ॥ ੧੨ ॥ ੬੩ ॥

ਵਿਧੀ—ਜੋ ਪੁਰਸ਼ ਇਸ ਸ਼ਬਦ ਦੇ ੪੦ ਪਾਠ ਸਵੇਰੇ ਅੰਮ੍ਰਿਤ ਵੇਲੇ ੪੦ ਦਿਨ ਲਗਾਤਾਰ ਕਰੇ, ਉਹ ਸਾਰੀ ਦੁਨੀਆਂ ਵਿਚ ਮਸ਼ਹੂਰ ਹੋ ਜਾਂਦਾ ਹੈ। ਸਭ ਲੋਕ ਉਸ ਦਾ ਸਤਕਾਰ ਕਰਦੇ ਹਨ।

Digitized by Panjab Digital Library / www.panjabdigilib.org

## ਸ਼ਬਦ ਨੰ: ੫੨

### ਸਲੋਕ ਮਹਲਾ ੫ ॥

ਰਤੇ ਸੇਈ ਜਿ ਮੁਖੁ ਨ ਮੋੜੰਨਿ੍ ਜਿਨੀ ਸਿਞਾਤਾ ਸਾਈ ॥ ਝੜਿ ਝੜਿ ਪਵਦੇ ਕਚੇ ਬਿਰਹੀ ਜਿਨ੍ਹ ਕਾਰਿ ਨ ਆਈ ॥੧॥ ਧਣੀ ਵਿਹੂਣਾ ਪਾਟ ਪਟੰਬਰ ਭਾਹੀ ਸੇਤੀ ਜਾਲੇ ॥ ਧੂੜੀ ਵਿਚਿ ਲੁਡੰਦੜੀ ਸੋਹਾਂ ਨਾਨਕ ਤੈ ਸਹ ਨਾਲੇ ॥ ੨ ॥

ਵਿਧੀ–ਇਸ ਸਲੋਕ ਨੂੰ ੪੦ ਦਿਨ ਹਰਰੋਜ਼ ੨੧ ਵਾਰ ਜਪਣਾ। ਭੀੜਾ ਸਮੇਂ ਸੁਖ ਵਰਤੇਗੀ। ਪਾਠ ਅੰਮ੍ਰਿਤ ਵੇਲੇ ਇਸ਼ਨਾਨ ਕਰਕੇ ਕਰਨਾ।

## ਸ਼ਬਦ ਨੰਬਰ ੫੩

### ਆਸਾ ਮਹਲਾ ੫ ॥

ਉਕਤਿ ਸਿਆਨਪ ਕਿਛੂ ਨ ਜਾਨਾ॥ ਦਿਨੁ ਰੈਣਿ ਤੇਰਾ ਨਾਮੁ ਵਖਾਨਾ॥ ੧॥ ਮੈ ਨਿਰਗੁਨ ਗੁਣੁ ਨਾਹੀ ਕੋਇ ॥ ਕਰਨ ਕਰਾਵਨਹਾਰ ਪ੍ਰਭ ਸੋਇ ॥੧॥ ਰਹਾਉ॥ ਮੂਰਖ ਮੁਗਧ ਅਗਿਆਨ ਅਵੀਚਾਰੀ॥ ਨਾਮ ਤੇਰੇ ਕੀ ਆਸ ਮਨਿ ਧਾਰੀ॥੨॥ ਜਪੁ ਤਪੁ ਸੰਜਮੁ ਕਰਮ ਨ ਸਾਧਾ ॥ ਨਾਮੁ ਪ੍ਰਭੂ ਕਾ ਮਨਹਿ ਅਰਾਧਾ ॥੩॥ ਕਿਛੂ ਨ ਜਾਨਾ ਮਤਿ ਮੇਰੀ ਥੋਰੀ ॥ ਬਿਨਵਤਿ ਨਾਨਕ ਓਟ ਪ੍ਰਭ ਤੋਰੀ ॥੪॥੧੮॥੬੯॥

ਵਿਧੀ–ਇਸ ਸ਼ਬਦ ਦੇ ੨੧ ਦਿਨ ੨੧ ਪਾਠ ਹਰ ਰੋਜ਼ ਕਰਨ ਨਾਲ ਇਕ ਸਾਧਾਰਨ ਅਕਲ ਵਾਲਾ ਮਨੁਖ ਵੀ ਚਤੁਰ ਤੇ ਸਿਆਣਪ ਵਾਲਾ ਹੋ ਜਾਂਦਾ ਹੈ, ਉਸਨੂੰ ਉੱਚੀ ਮੱਤ ਪ੍ਰਾਪਤ ਹੋ ਜਾਂਦੀ ਹੈ।

Digitized by Panjab Digital Library | www.panjabdigilib.org

ਸ਼ਬਦ ਨੰ. ੫੪

ਗਉੜੀ ਕਬੀਰ ਜੀ ॥

ਕਿਆ ਜਪੁ ਕਿਆ ਤਪੁ ਕਿਆ ਬ੍ਰਤ ਪੂਜਾ ॥ ਜਾਕੈ ਰਿਦੈ ਭਾਉ ਹੈ ਦੂਜਾ॥੧॥ ਰੇ ਜਨ ਮਨੁ ਮਾਧਉ ਸਿਉ ਲਾਈਐ॥ ਚਤੁਰਾਈ ਨ ਚਤੁਰਭੁਜੁ ਪਾਈਐ॥ ਰਹਾਉ॥ ਪਰਹਰੁ ਲੋਭੁ ਅਰੁ ਲੋਕਾਚਾਰੁ ॥ ਪਰਹਰੁ ਕਾਮੁ ਕ੍ਰੋਧੁ ਅਹੰਕਾਰ ॥੨॥ ਕਰਮ ਕਰਤ ਬਧੇ ਅਹੰਮੇਵ ॥ ਮਿਲਿ ਪਾਥਰ ਕੀ ਕਰਹੀ ਸੇਵ ॥ ੩ ॥ ਕਹੁ ਕਬੀਰ ਭਗਤਿ ਕਰਿ ਪਾਇਆ ॥ ਭੋਲੇ ਭਾਇ ਮਿਲੇ ਰਘੁਰਾਇਆ ॥੪॥੬॥

ਵਿਧੀ–ਇਸ ਸ਼ਬਦ ਦਾ ੪੦ ਦਿਨ ੧੦੮ ਵਾਰ ਹਰ ਰੋਜ਼ ਪਾਠ ਕਰਨਾ। ਇਸ ਪਾਠ ਦੀ ਬਰਕਤ ਨਾਲ ਮਨੁੱਖ ਦਾ ਜੂਨਾਂ ਵਿਚ ਭਰਮਣਾ ਨਾਸ ਹੋ ਜਾਏਗਾ ਤੇ ਮੁਕਤੀ ਪ੍ਰਾਪਤ ਹੋਵੇਗੀ।

ਸ਼ਬਦ ਨੰ: ੫੫

ਰਾਗੁ ਸੂਹੀ ਮਹਲਾ ੫ ਘਰੁ ੬

ੴ ਸਤਿਗੁਰ ਪ੍ਰਸਾਦਿ ॥

ਸਤਿਗੁਰ ਪਾਸ ਬੇਨੰਤੀਆ ਮਿਲੈ ਨਾਮੁ ਆਧਾਰਾ ॥ ਤੁਠਾ ਸਚਾ ਪਾਤਸਾਹੁ ਤਾਪੁ ਗਇਆ ਸੰਸਾਰਾ ॥੧॥ ਭਗਤਾ ਕੀ ਟੇਕ ਤੂੰ ਸੰਤਾ ਕੀ ਓਟ ਤੂੰ ਸਚਾ ਸਿਰਜਨਹਾਰਾ ॥ ੧ ॥ ਰਹਾਉ ॥ ਸਚੁ ਤੇਰੀ ਸਾਮਗਰੀ ਸਚੁ ਤੇਰਾ ਦਰਬਾਰਾ॥ ਸਚੁ ਤੇਰੇ ਖਾਜੀਨਿਆ ਸਚੁ ਤੇਰਾ ਪਾਸਾਰਾ॥੨॥ ਤੇਰਾ ਰੂਪੁ ਅਗੰਮੁ ਹੈ ਅਨੂਪੁ ਤੇਰਾ ਦਰਸਾਰਾ॥ ਹਉ ਕੁਰਬਾਣੀ ਤੇਰਿਆ ਸੇਵਕਾ ਜਿਨਹਰਿਨਾਮੁ ਪਿਆਰਾ ॥ ੩ ॥ ਸਭੇ ਇਛਾ ਪੂਰੀਆ ਜਾ ਪਾਇਆ ਅਗਮ ਅਪਾਰਾ॥ ਗੁਰ ਨਾਨਕ ਮਿਲਿਆ ਪਾਰਬ੍ਰਹਮ ਤੇਰਿਆ ਚਰਣਾ ਕਉਬਲਿਹਾਰਾ॥੪॥੧॥੪੭॥

ਵਿਧੀ–ਇਸ ਸ਼ਬਦ ਨੂੰ ੬੦ ਦਿਨ ਹਰ ਰੋਜ਼ ੨੧ ਵਾਰੀ ਜਪਣ ਨਾਲ ਮਨ ਦੀਆਂ ਇਛਾਂ ਪੂਰਨ ਹੋਣ ਤੇ ਪਰਵਾਰ ਵਿਚ ਸੁਖ ਸ਼ਾਂਤੀ ਵਰਤੇ।

Digitized by Panjab Digital Library / www.panjabdigilib.org

## ਸ਼ਬਦ ਨੰ: ੫੬

### ਆਸਾ ਮਹਲਾ ੫ ॥

ਦੂਖੁ ਘਨੋ ਜਬ ਹੋਤੇ ਦੂਰਿ ॥ ਅਬ ਮਸਲਤਿ ਮੋਹਿ ਮਿਲੀ ਹਦੂਰਿ ॥੧॥ ਚੁਕਾ ਨਿਹੋਰਾ ਸਖੀ ਸਹੇਰੀ ॥ ਭਰਮੁ ਗਇਆ ਗੁਰਿ ਪਿਰ ਸੰਗਿ ਮੇਰੀ ॥੧॥ ਰਹਾਉ॥ ਨਿਕਟਿ ਆਨਿ ਪ੍ਰਿਅ ਸੇਜ ਧਰੀ॥ ਕਾਣਿ ਕਢਨ ਤੇ ਛੂਟਿਪਰੀ॥੨॥ ਮੰਦਰਿ ਮੇਰੈ ਸਬਦਿ ਉਜਾਰਾ॥ ਅਨਦ ਬਿਨੋਦੀ ਖਸਮੁ ਹਮਾਰਾ॥੩॥ਮਸਤਕਿ ਭਾਗੁ ਮੈ ਪਿਰੁ ਘਰਿ ਆਇਆ ॥ ਥਿਰੁ ਸੋਹਾਗੁ ਨਾਨਕ ਜਨ ਪਾਇਆ ॥੪॥

ਵਿਧੀ–ਇਸ ਸ਼ਬਦ ਦਾ ੬੦ ਦਿਨ ਹਰ ਰੋਜ਼ ੪੧ ਵਾਰੀ ਪਾਠ ਕਰਨ ਨਾਲ ਪ੍ਰਦੇਸ ਗਿਆ ਜਾਂ ਨਾਰਾਜ਼ ਹੋਇਆ ਪਤੀ, ਪਤਨੀ ਨੂੰ ਮਿਲੇ। ਵਿਛੜੇ ਸਜਣਾਂ ਨਾਲ ਮੇਲ ਹੋਵੇ।

## ਸ਼ਬਦ ਨੰ: ੫੭

### ਬਿਲਾਵਲੁ ਮਹਲਾ ੫ ॥

ਤਾਤੀ ਵਾਉ ਨ ਲਗਈ ਪਾਰਬ੍ਰਹਮ ਸਰਨਾਈ ॥ ਚਉਗਿਰਦ ਹਮਾਰੈ ਰਾਮ ਕਾਰ ਦੁਖੁ ਲਗੈ ਨ ਭਾਈ ॥੧॥ ਸਤਿਗੁਰੁ ਪੂਰਾ ਭੇਟਿਆ ਜਿਨਿ ਬਣਤ ਬਣਾਈ ॥ ਰਾਮ ਨਾਮੁ ਅਉਖਧੁ ਦੀਆ ਏਕਾ ਲਿਵ ਲਾਈ ॥੧ ॥ ਰਹਾਉ ॥ ਰਾਖਿ ਲੀਏ ਤਿਨਿ ਰਖਣਹਾਰਿ ਸਭ ਬਿਆਧਿ ਮਿਟਾਈ॥ਕਹੁ ਨਾਨਕ ਕਿਰਪਾ ਭਈ ਪ੍ਰਭ ਭਏ ਸਹਾਈ ॥੨॥੧੫॥੭੯॥

ਵਿਧੀ–ਇਸ ਸ਼ਬਦ ਦਾ ੬੧ ਦਿਨ ੧੦੯ ਵਾਰ ਹਰਰੋਜ਼ ਪਾਠ ਕਰਨ ਨਾਲ ਸ਼ਰੀਰ ਦੀ ਰਖਿਆ ਹੋਵੇ, ਚੋਰਾਂ ਦਾ ਭੈ ਦੂਰ ਹੋਵੇ, ਰਾਤ ਨੂੰ ਬੁਰੇ ਸੁਪਨੇ ਨਹੀਂ ਆਉਂਦੇ । ਸੌਣ ਲਗਿਆਂ ਪੰਜ ਵਾਰੀ ਇਸ ਸ਼ਬਦ ਦਾ ਪਾਠ ਕਰਨ ਨਾਲ ਰਾਤ ਸੁਖੀ ਬ ਤਦੀ ਹੈ।

Digitized by Panjab Digital Library / www.panjabdigilib.org

## ਸ਼ਬਦ ਨੰ: ੫੮

### ਤਿਲੰਗ ਮਹਲਾ ੫ ॥

ਕਰਤੇ ਕੁਦਰਤੀ ਮੁਸਤਾਕੁ॥ ਦੀਨ ਦੁਨੀਆ ਏਕ ਤੂਹੀ ਸਭ ਖਲਕ ਹੀ ਤੇ ਪਾਕੁ ॥ ਰਹਾਉ ॥ ਖਿਨ ਮਾਹਿ ਥਾਪਿ ਉਥਾਪਦਾ ਆਚਰਜ ਤੇਰੇ ਰੂਪ ॥ ਕਉਣੁ ਜਾਣੈ ਚਲਤ ਤੇਰੇ ਅੰਧਿਆਰੇ ਮਹਿ ਦੀਪ ॥੧॥ ਖੁਦਿ ਖਸਮ ਖਲਕ ਜਹਾਨ ਅਲਹ ਮਿਹਰਵਾਨ ਖੁਦਾਇ॥ ਦਿਨਸ ਰੈਣਿ ਜਿ ਤੁਧੁ ਅਰਾਧੇ ਸੋ ਕਿਉ ਦੋਜਕਿ ਜਾਇ ॥੨॥ ਅਜਰਾਈਲੁ ਯਾਰੁ ਬੰਦੇ ਜਿਸੁ ਤੇਰਾ ਆਧਾਰੁ ॥ ਗੁਨਹ ਉਸ ਕੇ ਸਗਲ ਆਫੂ ਤੇਰੇ ਜਨ ਦੇਖਹਿ ਦੀਦਾਰੁ ॥ ੩ ॥ ਦੁਨੀਆ ਚੀਜ ਫਿਲਹਾਲ ਸਗਲੇ ਸਚੁ ਸੁਖੁ ਤੇਰਾ ਨਾਉ॥ ਗੁਰ ਮਿਲਿ ਨਾਨਕ ਬੂਝਿਆ ਸਦਾ ਏਕਸੁ ਗਾਉ ॥ ੪ ॥

ਵਿਧੀ—ਇਸ ਸ਼ਬਦ ਦਾ ੪੧ ਦਿਨ ੪੧ ਵਾਰੀ ਹਰ ਰੋਜ਼ ਪਾਠ ਕਰਨ ਨਾਲ ਮਨ ਵਿਚੋਂ ਜਮਾਂ ਦਾ ਡਰ ਦੂਰ ਹੋ ਜਾਂਦਾ ਹੈ ਤੇ ਮਨ ਨੂੰ ਸ਼ਾਂਤੀ ਆ ਜਾਂਦੀ ਹੈ।

## ਸ਼ਬਦ ਨੰ: ੫੯

### ਸੋਰਠਿ ਮਹਲਾ ੫ ॥

ਹਮ ਮੈਲੇ ਤੁਮ ਊਜਲ ਕਰਤੇ ਹਮ ਨਿਰਗੁਨ ਤੂ ਦਾਤਾ॥ ਹਮ ਮੂਰਖ ਤੁਮ ਚਤੁਰ ਸਿਆਣੇ ਤੂ ਸਰਬ ਕਲਾ ਕਾ ਗਿਆਤਾ ॥੧॥ ਮਾਧੋ ਹਮ ਐਸੇ ਤੂ ਐਸਾ॥ ਹਮ ਪਾਪੀ ਤੁਮ ਪਾਪ ਖੰਡਨ ਨੀਕੋ ਠਾਕੁਰ ਦੇਸਾ ॥ਰਹਾਉ॥ ਤੁਮ ਸਭ ਸਾਜੇ ਸਾਜਿ ਨਿਵਾਜੇ ਜੀਉ ਪਿੰਡੁ ਦੇ ਪ੍ਰਾਨਾ॥ ਨਿਰਗੁਨੀਆਰੇ ਗੁਨੁ ਨਹੀ ਕੋਈ ਤੁਮ ਦਾਨੁ ਦੇਹੁ ਮਿਹਰਵਾਨਾ॥੨॥ ਤੁਮ ਕਰਹੁ ਭਲਾ ਹਮ ਭਲੋ ਨ ਜਾਨਹ ਤੁਮ ਸਦਾ ਸਦਾ ਦਇਆਲਾ॥ਤੁਮ ਸੁਖਦਾਈ ਪੁਰਖ ਬਿਧਾਤੇ ਤੁਮ ਰਾਖਹੁ ਅਪੁਨੇ ਬਾਲਾ॥ ੩ ॥ ਤੁਮ ਨਿਧਾਨ ਅਟਲ ਸੁਲਿਤਾਨ ਜੀਅ ਜੰਤਿ ਸਭਿ ਜਾਚੈ॥ ਕਹੁ ਨਾਨਕ ਹਮ ਇਹੈ ਹਵਾਲਾ ਰਾਖੁ ਸੰਤਨ ਕੈ ਪਾਛੈ ॥੪॥੬॥੧੭॥

Digitized by Panjab Digital Library / www.panjabdigilib.org

ਵਿਧੀ–ਇਸ ਸ਼ਬਦ ਨੂੰ ੪੦ ਦਿਨ ੧੦੮ ਵਾਰ ਰੋਜ਼ਾਨਾ ਜਪਣ ਨਾਲ ਅਕਾਲ ਪੁਰਖ ਦੀ ਪ੍ਰਸੰਨਤਾ ਪ੍ਰਾਪਤ ਹੁੰਦੀ ਹੈ। ਸਭ ਪਾਪਾਂ ਤੇ ਕਸ਼ਟਾਂ ਦੀ ਨਵਿਰਤੀ ਹੁੰਦੀ ਹੈ।

## ਸ਼ਬਦ ਨੰ: ੬੦

### ਸੂਹੀ ਮਹਲਾ ੫ ॥

ਨਵ ਨਿਧਿ ਸਿਧਿ ਰਿਧਿ ਦੀਨੇ ਕਰਤੇ ਤੋਟਿ ਨ ਆਵੈ ਕਾਈ ਰਾਮ ॥ ਖਾਤ ਖਰਚਤ ਬਿਲਛਤ ਸੁਖੁ ਪਾਇਆ ਕਰਤੇ ਕੀ ਦਾਤਿ ਸਵਾਈ ਰਾਮ॥ ਦਾਤਿ ਸਵਾਈ ਨਿਖੁਟਿਨ ਜਾਈ ਅੰਤਰਜਾਮੀ ਪਾਇਆ॥ ਕੋਟਿ ਬਿਘਨ ਸਗਲੇ ਉਠਿ ਨਾਠੇ ਦੂਖੁ ਨ ਨੇੜੈ ਆਇਆ ॥ ਸਾਂਤਿ ਸਹਜ ਆਨੰਦ ਘਨੇਰੇ ਬਿਨਸੀ ਭੂਖ ਸਬਾਈ ॥ ਨਾਨਕ ਗੁਣ ਗਾਵਹਿ ਸੁਆਮੀ ਕੇ ਅਚਰਜੁ ਜਿਸੁ ਵਡਿਆਈ ਰਾਮ ॥ ੧ ॥

ਵਿਧੀ–ਇਸ ਸ਼ਬਦ ਨੂੰ ਇਕੋਤ੍ਰ ਸੌ ਦਿਨ ੧੦੮ ਵਾਰ ਹਰ ਰੋਜ਼ ਜਪਣ ਨਾਲ ਘਰ ਵਿਚੋਂ ਗਰੀਬੀ ਦੂਰ ਹੁੰਦੀ ਹੈ। ਨੌ ਨਿਧੀਆਂ ਤੇ ਅਠਾਰਾਂ ਸਿਧੀਆਂ ਪ੍ਰਾਪਤ ਹੁੰਦੀਆਂ ਹਨ।

## ਸ਼ਬਦ ਨੰ: ੬੧

### ਟੋਡੀ ਮਹਲਾ ੫ ॥

ਨਿੰਦਕੁ ਗੁਰ ਕਿਰਪਾ ਤੇ ਹਾਟਿਓ ॥ ਪਾਰਬ੍ਰਹਮ ਪ੍ਰਭ ਭਏ ਦਇਆਲਾ ਸਿਵ ਕੈ ਬਾਣਿ ਸਿਰੁ ਕਾਟਿਓ ॥੧॥ ਰਹਾਉ॥ ਕਾਲੁ ਜਾਲੁ ਜਮੁ ਜੋਹਿ ਨ ਸਾਕੈ ਸਚ ਕਾ ਪੰਥਾ ਥਾਟਿਓ॥ ਖਾਤ ਖਰਚਤ ਕਿਛੁ ਨਿਖੁਟਤ ਨਾਹੀ ਰਾਮ ਰਤਨੁ ਧਨੁ ਖਾਟਿਓ ॥੧॥ ਭਸਮਾ ਭੂਤ ਹੋਆ ਖਿਨ ਭੀਤਰਿ ਅਪਨਾ ਕੀਆ ਪਾਇਆ ॥ ਆਗਮੁ ਨਿਗਮੁ ਕਹੈ ਜਨੁ ਨਾਨਕ ਸਭੁ ਦੇਖੈ ਲੋਕੁ ਸਬਾਇਆ ॥੨॥

ਵਿਧੀ–ਇਸ ਸ਼ਬਦ ੪੦ ਦਿਨ ੪੧ ਵਾਰੀ ਰੋਜ਼ ਜਪਣ ਨਾਲ ਦੁਸ਼ਮਨਾਂ ਦੋਖੀਆਂ ਤੇ ਨਿੰਦਕਾਂ ਤੋਂ ਬਚਾਉ ਹੁੰਦਾ ਹੈ।

Digitized by Panjab Digital Library | www.panjabdigilib.org

## ਸ਼ਬਦ ਨੰ: ੬੨
## ਗੂਜਰੀ ਮਹਲਾ ੧ ॥

ਕਵਨ ਕਵਨ ਜਾਚਹਿ ਪ੍ਰਭ ਦਾਤੇ ਤਾ ਕੇ ਅੰਤ ਨ ਪਰਹਿ ਸੁਮਾਰ॥ ਜੈਸੀ ਭੂਖ ਹੋਈ ਅਭ ਅੰਤਰਿ ਤੂੰ ਸਮਰਥ ਸਚੁ ਦੇਵਣਹਾਰ ॥੧॥ ਐਸੀ ਜਪੁ ਤਪੁ ਸੰਜਮੁ ਸਚੁ ਅਧਾਰ ॥ ਹਰਿ ਹਰਿ ਨਾਮੁ ਦੇਹਿ ਸੁਖ ਪਾਈਐਤੇਰੀ ਭਗਤਿ ਭਰੇ ਭੰਡਾਰ ॥੧॥ ਰਹਾਉ ॥ ਸੁੰਨ ਸਮਾਧਿ ਰਹਹਿ ਲਿਵ ਲਾਗੇ ਏਕਾ ਏਕੀ ਸਬਦੁ ਬੀਚਾਰ॥ ਜਲੁ ਥਲੁ ਧਰਣਿ ਗਗਨ ਤਹ ਨਾਹੀ ਆਪੇ ਆਪੁ ਕੀਆ ਕਰਤਾਰ॥ ੨॥ ਨ ਤਦਿ ਮਾਇਆ ਮਗਨੁ ਨ ਛਾਇਆ ਨਾ ਸੂਰਜ ਚੰਦ ਨ ਜੋਤਿ ਅਪਾਰ॥ ਸਰਬ ਦ੍ਰਿਸਟਿ ਲੋਚਨ ਅਭ ਅੰਤਰਿ ਏਕਾ ਨਦਰਿ ਸੁ ਤ੍ਰਿਭਵਣ ਸਾਰ ॥ ੩ ॥ ਪਵਣੁ ਪਾਣੀ ਅਗਨਿ ਤਿਨ ਕੀਆ ਬ੍ਰਹਮਾ ਬਿਸਨੁ ਮਹੇਸ ਅਕਾਰ ॥ ਸਰਬੇ ਜਾਚਿਕ ਤੂੰ ਪ੍ਰਭੁ ਦਾਤਾ ਦਾਤਿ ਕਰੇ ਅਪੁਨੈ ਬੀਚਾਰ॥੪॥ਕੋਟਿ ਤੇਤੀਸ ਜਾਚਹਿ ਪ੍ਰਭੁ ਨਾਇਕ ਦੇਦੇ ਤੋਟਿ ਨਾਹੀ ਭੰਡਾਰ ॥ ਊਂਧੈ ਭਾਂਡੇ ਕਛੁ ਨ ਸਮਾਵੈ ਸੀਧੈ ਅੰਮ੍ਰਿਤੁ ਪਰੈ ਨਿਹਾਰ ॥੫॥ ਸਿਧ ਸਮਾਧੀ ਅੰਤਰਿ ਜਾਚਹਿ ਰਿਧਿ ਸਿਧਿ ਜਾਚਿ ਕਰਹਿ ਜੈਕਾਰ॥ ਜੈਸੀ ਪਿਆਸ ਹੋਇ ਮਨ ਅੰਤਰਿ ਤੈਸੋ ਜਲੁ ਦੇਵਹਿ ਪਰਕਾਰ॥ ੬॥ ਬਡੇ ਭਾਗ ਗੁਰੁ ਸੇਵਹਿ ਅਪੁਨਾ ਭੇਦੁ ਨਾਹੀ ਗੁਰਦੇਵ ਮੁਰਾਰ ॥ ਤਾ ਕਉ ਕਾਲੁ ਨਾਹੀ ਜਮੁ ਜੋਹੈ ਬੂਝਹਿ ਅੰਤਰਿ ਸਬਦੁ ਬੀਚਾਰ॥੭॥ਅਬ ਤਬ ਅਵਰੁ ਨ ਮਾਗਉ ਹਰਿ ਪਹਿ ਨਾਮੁ ਨਿਰੰਜਨ ਦੀਜੈ ਪਿਆਰਿ॥ ਨਾਨਕ ਚਾਤ੍ਰਿਕੁ ਅੰਮ੍ਰਿਤ ਜਲੁ ਮਾਗੈ ਹਰਿ ਜਸੁ ਦੀਜੈ ਕਿਰਪਾ ਧਾਰਿ ॥੮॥੨॥

ਵਿਧੀ–ਇਸ ਸ਼ਬਦ ਨੂੰ ੪੦ ਦਿਨ ਹਰ ਰੋਜ਼ ੪੧ ਵਾਰ ਜਪਣ ਨਾਲ ਸਤਿਗੁਰੂ ਜੀ ਦੀ ਮਿਹਰ ਹੋਵੇਗੀ ਤੇ ਧਨ, ਸੰਪਦਾ ਤੇ ਸੰਤਾਨ ਦੀ ਦਾਤ ਮਿਲੇਗੀ॥

## ਸ਼ਬਦ ਨੰਬਰ ੬੩
## ਦੇਵਗੰਧਾਰੀ ਮਹਲਾ ੫ ॥

ਪ੍ਰਭ ਇਹੈ ਮਨੋਰਥੁ ਮੇਰਾ ॥ ਕ੍ਰਿਪਾ ਨਿਧਾਨ ਦਇਆਲਾ ਮੋਹਿ ਦੀਜੈ

Digitized by Panjab Digital Library / www.panjabdigilib.org

ਕਰਿ ਸੰਤਨ ਕਾ ਚੇਰਾ ॥ ਰਹਾਉ ॥ ਪ੍ਰਾਤਹਕਾਲ ਲਾਗਉ ਜਨ ਚਰਨੀ ਨਿਸਬਾਸਰ ਦਰਸੁ ਪਾਵਉ॥ਤਨੁ ਮਨੁ ਅਰਪਿ ਕਰਉ ਜਨਸੇਵਾ ਰਸਨਾ ਹਰਿ ਗੁਨ ਗਾਵਉ ॥੧॥ ਸਾਸਿ ਸਾਸਿ ਸਿਮਰਉ ਪ੍ਰਭੁ ਅਪੁਨਾ ਸੰਤ ਸੰਗਿ ਨਿਤ ਰਹੀਐ ॥ ਏਕੁ ਅਧਾਰੁ ਨਾਮੁ ਧਨੁ ਮੋਰਾ ਅਨਦੁ ਨਾਨਕ ਇਹੁ ਲਹੀਐ ॥੨॥

ਵਿਧੀ–ਇਸ ਸ਼ਬਦ ਦਾ ਪਾਠ ੯੦ ਦਿਨ ੪੦ ਵਾਰੀ ਹਰ ਰੋਜ਼ ਕਰਨ ਨਾਲ ਅਕਾਲ ਪੁਰਖ ਦਾ ਹਿਰਦੇ ਵਿਚ ਵਾਸਾ ਹੁੰਦਾ ਹੈ।ਸੰਤਾਂਦੀ ਸੰਗਤ ਪ੍ਰਾਪਤ ਹੁੰਦੀ ਹੈ ਤੇ ਹਿਰਦੇ ਵਿਚ ਸੁਖ ਸ਼ਾਂਤੀ ਦਾ ਪ੍ਰਵੇਸ਼ ਹੁੰਦਾ ਹੈ।

## ਸ਼ਬਦ ਨੰ: ੬੪

### ਜੈਤਸਰੀ ਮਹਲਾ ੫ ॥

ਹਰਿਜੂ ਰਾਖਿ ਲੇਹੁ ਪਤਿ ਮੇਰੀ ॥ ਜਮ ਕੋ ਤ੍ਰਾਸ ਭਇਓ ਉਰ ਅੰਤਰਿ ਸਰਨਿ ਗਹੀ ਕਿਰਪਾਨਿਧਿ ਤੇਰੀ ॥੧॥ ਰਹਾਉ ॥ ਮਹਾ ਪਤਿਤ ਮੁਗਧ ਲੋਭੀ ਫੁਨਿ ਕਰਤ ਪਾਪ ਅਬ ਹਾਰਾ ॥ ਭੈ ਮਰਬੇ ਕੋ ਬਿਸਰਤ ਨਾਹਿਨ ਤਿਹ ਚਿੰਤਾ ਤਨੁ ਜਾਰਾ ॥੧॥ ਕੀਏ ਉਪਾਵ ਮੁਕਤਿ ਕੇ ਕਾਰਨਿ ਦਹਦਿਸਿ ਕਉ ਉਠਿ ਧਾਇਆ ॥ ਘਟ ਹੀ ਭੀਤਰਿ ਬਸੈ ਨਿਰੰਜਨੁ ਤਾਕੋ ਮਰਮੁ ਨ ਪਾਇਆ ॥੨॥ ਨਾਹਿਨ ਗੁਨੁ ਨਾਹਿਨ ਕਛੁ ਜਪੁ ਤਪੁ ਕਉਨੁ ਕਰਮੁ ਅਬ ਕੀਜੈ॥ ਨਾਨਕ ਹਾਰਿ ਪਰਿਓ ਸਰਨਾਗਤਿ ਅਭੈ ਦਾਨੁ ਪ੍ਰਭੁ ਦੀਜੈ ॥ ੩ ॥ ੨ ॥

ਵਿਧੀ–ਇਸ ਸ਼ਬਦ ਦਾ ੬੦ ਦਿਨ ਹਰ ਰੋਜ਼ ੧੦੮ ਵਾਰ ਪਾਠ ਕਰਨ ਨਾਲ ਜਨਮ ਮਰਨ ਤੇ ਮੌਤ ਦਾ ਡਰ ਨਵਿਰਤ ਹੁੰਦਾ ਹੈ ਤੇ ਜੀਵਨ-ਮੁਕਤੀ ਪ੍ਰਾਪਤ ਹੁੰਦੀ ਹੈ।

## ਸ਼ਬਦ ਨੰਬਰ ੬੫

### ਸੋਰਠਿ ਮਹਲਾ ੫ ॥

ਕੋਊ ਬਿਖਮ ਗਾਰ ਤੋਰੈ ॥ ਆਸ ਪਿਆਸ ਧੋਹ ਮੋਹ ਭਰਮ ਹੀ ਤੇ ਹੋਰੈ ॥ ੧॥ ਰਹਾਉ ॥ ਕਾਮ ਕਰੋਧ ਲੋਭ ਮਾਨ ਇਹ ਬਿਆਧਿ ਛੋਰੈ ॥੨॥ ਸੰਤ ਸੰਗਿ

Digitized by Panjab Digital Library / www.panjabdigilib.org

ਨਾਮ ਰੰਗਿ ਗੁਨ ਗੋਵਿੰਦ ਗਾਵਉ ॥ ਅਨਦਿਨੋ ਪ੍ਰਭ ਧਿਆਵਉ ॥ ਭ੍ਰਮ ਭੀਤਿ ਜੀਤਿ ਮਿਟਾਵਉ ॥ ਨਿਧਿ ਨਾਮੁ ਨਾਨਕੁ ਮੋਰੈ ॥ ੨ ॥

ਵਿਧੀ–ਇਸ ਸ਼ਬਦ ਨੂੰ ਸਵਾ ਮਹੀਨਾ ਹਰ ਰੋਜ਼ ੧੦੯ ਵਾਰ ਜਪਣ ਨਾਲ ਅਟਕੇ ਕਾਰਜ ਨਿਰਵਿਘਨ ਸੰਪੂਰਨ ਹੋਵਣ।

## ਸ਼ਬਦ ਨੰ: ੬੬

### ਸਿਰੀਰਾਗੁ ਮਹਲਾ ੫ ॥

ਸਭੇ ਥੋਕ ਪਰਾਪਤੇ ਜੇ ਆਵੈ ਇਕੁ ਹਥਿ ॥ ਜਨਮੁ ਪਦਾਰਥੁ ਸਫਲੁ ਹੈ ਜੇ ਸਚਾ ਸਬਦੁ ਕਥਿ ॥ ਗੁਰ ਤੇ ਮਹਲੁ ਪਰਾਪਤੇ ਜਿਸੁ ਲਿਖਿਆ ਹੋਵੈ ਮਥਿ॥ ੧ ॥ ਮੇਰੇ ਮਨ ਏਕਸ ਸਿਉ ਚਿਤੁ ਲਾਇ ॥ ਏਕਸ ਬਿਨੁ ਸਭ ਧੰਧੁ ਹੈ ਸਭ ਮਿਥਿਆ ਮੋਹੁ ਮਾਇ ॥ ੧ ॥ ਰਹਾਉ ॥ ਲਖ ਖੁਸੀਆ ਪਾਤਿਸਾਹੀਆ ਜੇ ਸਤਿਗੁਰੁ ਨਦਰਿ ਕਰੇਇ ॥ ਨਿਮਖ ਏਕੁ ਹਰਿ ਨਾਮੁ ਦੇਇ ਮੇਰਾ ਮਨੁ ਤਨੁ ਸੀਤਲੁ ਹੋਇ॥ ਜਿਸ ਕਉ ਪੂਰਬਿ ਲਿਖਿਆ ਤਿਨਿ ਸਤਿਗੁਰ ਚਰਨ ਗਹੇ॥੨॥ ਸਫਲ ਮੂਰਤੁ ਸਫਲਾ ਘੜੀ ਜਿਤੁ ਸਚੇ ਨਾਲਿ ਪਿਆਰੁ ॥ ਦੂਖੁ ਸੰਤਾਪੁ ਨ ਲਗਈ ਜਿਸੁ ਹਰਿ ਕਾ ਨਾਮੁ ਅਧਾਰੁ ॥ ਬਾਹ ਪਕੜਿ ਗੁਰਿ ਕਾਢਿਆ ਸੋਈ ਉਤਰਿਆ ਪਾਰਿ ॥ ੩ ॥ ਥਾਨੁ ਸੁਹਾਵਾ ਪਵਿਤੁ ਹੈ ਜਿਥੈ ਸੰਤ ਸਭਾ ॥ ਢੋਈ ਤਿਸ ਹੀ ਨੋ ਮਿਲੈ ਜਿਨਿ ਪੂਰਾ ਗੁਰੂ ਲਭਾ ॥ ਨਾਨਕ ਬਧਾ ਘਰੁ ਤਹਾਂ ਜਿਥੈ ਮਿਰਤੁ ਨ ਜਨਮੁ ਜਰਾ ॥ ੪ ॥ ੬ ॥ ੭੬ ॥

ਵਿਧੀ–ਇਹ ਸ਼ਬਦ ੧੦੧ ਦਿਨ ਹਰ ਰੋਜ਼ ੧੦੯ ਵਾਰ ਜਪਣ ਨਾਲ ਕਾਰੋਬਾਰ ਵਿਚ ਵਾਧਾ ਹੁੰਦਾ ਹੈ ਤੇ ਮਾਇਆ ਦੀ ਘਰ ਵਿਚ ਲਹਿਰ ਬਹਿਰ ਹੋ ਜਾਂਦੀ ਹੈ। ਨੌਕਰੀ ਵਿਚ ਤਰੱਕੀ ਹੁੰਦੀ ਹੈ।

Digitized by Panjab Digital Library / www.panjabdigilib.org

## ਸ਼ਬਦ ਨੰ: ੬੭

## ਸੋਰਠਿ ਮਹਲਾ ੫ ਘਰੁ ੩ ਦੁਪਦੇ

ੴ ਸਤਿਗੁਰ ਪ੍ਰਸਾਦਿ ॥

ਰਾਮਦਾਸ ਸਰੋਵਰਿ ਨਾਤੇ ॥ ਸਭ ਉਤਰੇ ਪਾਪ ਕਮਾਤੇ ॥ ਨਿਰਮਲ ਹੋਇ ਕਰਿ ਇਸਨਾਨਾ ॥ ਗੁਰਿ ਪੂਰੈ ਕੀਨੇ ਦਾਨਾ ॥ ੧ ॥ ਸਭਿ ਕੁਸਲ ਖੇਮ ਪ੍ਰਭਿ ਧਾਰੇ ॥ ਸਹੀ ਸਲਾਮਤਿ ਸਭਿ ਥੋਕ ਉਬਾਰੇ ॥ ਗੁਰ ਕਾ ਸਬਦੁ ਵੀਚਾਰੇ ॥ ਰਹਾਉ ॥ ਸਾਧ ਸੰਗਿ ਮਲੁ ਲਾਥੀ ॥ ਪਾਰਬ੍ਰਹਮੁ ਭਇਓ ਸਾਥੀ ॥ ਨਾਨਕ ਨਾਮੁ ਧਿਆਇਆ ॥ ਆਦਿ ਪੁਰਖ ਪ੍ਰਭੁ ਪਾਇਆ ॥ ੨ ॥

ਵਿਧੀ—ਇਸ ਸ਼ਬਦ ਦਾ ਪਾਠ ਇਸ਼ਨਾਨ ਕਰਨ ਸਮੇਂ ੨੧ ਵਾਰ ਕਰੇ ਤਾਂ ਸ੍ਰੀ ਅੰਮ੍ਰਿਤਸਰ ਜੀ ਦੇ ਸਰੋਵਰ ਦੇ ਇਸ਼ਨਾਨ ਦਾ ਫਲ ਪ੍ਰਾਪਤ ਹੋਵੇ ਤੇ ਸਰਬ ਦੁਖ, ਕਲੇਸ਼ ਤੇ ਪਾਪ ਨਾਸ ਹੋਵਣ।

## ਸ਼ਬਦ ਨੰ: ੬੮

## ਸਿਰੀਰਾਗੁ ਮਹਲਾ ੫ ॥

ਮੇਰਾ ਤਨੁ ਅਰੁ ਧਨੁ ਮੇਰਾ ਰਾਜ ਰੂਪ ਮੈ ਦੇਸੁ ॥ ਸੁਤ ਦਾਰਾ ਬਨਿਤਾ ਅਨੇਕ ਬਹੁਤੁ ਰੰਗ ਅਰੁ ਵੇਸ ॥ ਹਰਿ ਨਾਮੁ ਰਿਦੈ ਨ ਵਸਈ ਕਾਰਜਿ ਕਿਤੈ ਨ ਲੇਖਿ ॥੧॥ ਮੇਰੇ ਮਨਿ ਹਰਿ ਹਰਿ ਨਾਮੁ ਧਿਆਇ॥ ਕਰਿ ਸੰਗਤਿ ਨਿਤ ਸਾਧ ਕੀ ਗੁਰ ਚਰਣੀ ਚਿਤੁ ਲਾਇ ॥ ੧ ॥ ਰਹਾਉ ॥ ਨਾਮੁ ਨਿਧਾਨੁ ਧਿਆਈਐ ਮਸਤਕਿ ਹੋਵੈ ਭਾਗੁ। ਕਾਰਜ ਸਭਿ ਸਵਾਰੀਅਹਿ ਗੁਰ ਕੀ ਚਰਣੀ ਲਾਗੁ। ਹਉਮੈ ਰੋਗੁ ਭ੍ਰਮੁ ਕਟੀਐ ਨਾ ਆਵੈ ਨਾ ਜਾਗੁ ॥ ੨ ॥ ਕਰਿ ਸੰਗਤਿ ਤੂ ਸਾਧ ਕੀ ਅਠਸਠਿ ਤੀਰਥ ਨਾਉ॥ਜੀਉ ਪ੍ਰਾਣ ਮਨੁ ਤਨੁ ਹਰੇ ਸਾਚਾ ਏਹੁ ਸੁਆਉ ॥ ਐਥੈ ਮਿਲਹਿ ਵਡਾਈਆ ਦਰਗਹਿ ਪਾਵਹਿ ਥਾਉ ॥੩॥ ਕਰੇ ਕਰਾਏ ਆਪਿ ਪ੍ਰਭੁ ਸਭੁ ਕਿਛੁ ਤਿਸ ਹੀ ਹਾਥਿ ॥ ਮਾਰਿ ਆਪੇ ਜੀਵਾਲਦਾ ਅੰਤਰਿ ਬਾਹਰਿ

Digitized by Panjab Digital Library | www.panjabdigilib.org

ਸਾਥਿ ॥ ਨਾਨਕ ਪ੍ਰਭ ਸਰਣਾਗਤੀ ਸਰਬ ਘਟਾ ਕੇ ਨਾਥ ॥੪॥੧੪॥੮੫॥

ਵਿਧੀ—ਇਸ ਸ਼ਬਦ ਦਾ ੩ ਮਹੀਨੇ ਹਰ ਰੋਜ਼ ੫੦ ਪਾਠ ਕਰਨ ਨਾਲ ਪ੍ਰਵਾਰ ਵਿਚ ਸੁਖ ਸ਼ਾਂਤੀ, ਪਤੀ ਪਤਨੀ ਵਿਚ ਪਿਆਰ ਤੇ ਕੰਮ ਕਾਰ ਵਿਚ ਤਰੱਕੀ ਹੁੰਦੀ ਹੈ। ਸੰਤਾਨ ਦਾ ਸੁਖ ਤੇ ਕਾਰ ਵਿਹਾਰ ਵਿਚ ਬਰਕਤ ਪੈਂਦੀ ਹੈ।

## ਸ਼ਬਦ ਨੰ: ੬੯

### ਸੋਰਠਿ ਮਹਲਾ ੫ ॥

ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ ਮਨ ਤਨ ਭਏ ਅਰੋਗਾ ॥ ਕੋਟਿ ਬਿਘਨ ਲਾਥੇ ਪ੍ਰਭ ਸਰਣਾ ਪ੍ਰਗਟੇ ਭਲੇ ਸੰਜੋਗਾ ॥ ੧ ॥ ਪ੍ਰਭ ਬਾਣੀ ਸਬਦੁ ਸੁਭਾਖਿਆ ॥ ਗਾਵਹੁ ਸੁਣਹੁ ਪੜਹੁ ਨਿਤ ਭਾਈ ਗੁਰ ਪੂਰੈ ਤੂ ਰਾਖਿਆ ॥ ਰਹਾਉ ॥ ਸਾਚਾ ਸਾਹਿਬੁ ਅਮਿਤ ਵਡਾਈ ਭਗਤਿ ਵਛਲ ਦਇਆਲਾ॥ ਸੰਤਾ ਕੀ ਪੈਜ ਰਖਦਾ ਆਇਆ ਆਦਿ ਬਿਰਦੁ ਪ੍ਰਤਿਪਾਲਾ ॥ ੨ ॥ ਹਰਿ ਅੰਮ੍ਰਿਤ ਨਾਮੁ ਭੋਜਨੁ ਨਿਤ ਭੁੰਚਹੁ ਸਰਬ ਵੇਲਾ ਮੁਖਿ ਪਾਵਹੁ॥ ਜਰਾ ਮਰਾ ਤਾਪੁ ਸਭੁ ਨਾਠਾ ਗੁਣ ਗੋਬਿੰਦ ਨਿਤ ਗਾਵਹੁ ॥ ੩ ॥ ਸੁਣੀ ਅਰਦਾਸਿ ਸੁਆਮੀ ਮੇਰੈ ਸਰਬ ਕਲਾ ਬਣਿਆਈ॥ ਪ੍ਰਗਟ ਭਈ ਸਗਲੇ ਜੁਗ ਅੰਤਰਿ ਗੁਰ ਨਾਨਕ ਕੀ ਵਡਿਆਈ ॥ ੪ ॥ ੧੧ ॥

ਵਿਧੀ—ਇਸ ਸ਼ਬਦ ਦਾ ੧੦੮ ਦਿਨ ੧੦੮ ਵਾਰ ਹਰ ਰੋਜ਼ ਪਾਠ ਕਰਨ ਨਾਲ ਸਭ ਪ੍ਰਕਾਰ ਦੇ ਅਸਾਧ ਰੋਗ ਦੂਰ ਹੋਵਣ। ਜਿਹੜਾ ਰੋਗ ਕਿਸੇ ਇਲਾਜ ਨਾਲ ਵੀ ਨਾ ਹਟੇ, ਉਹ ਇਸ ਸ਼ਬਦ ਦੇ ਜਾਪ ਨਾਲ ਨਾਸ ਹੋਵੇ।

## ਸ਼ਬਦ ਨੰ: ੭੦

### ਸਿਰੀਰਾਗੁ ਮਹਲਾ ੩ ॥

ਹਰਿ ਭਗਤਾ ਹਰਿ ਧਨੁ ਰਾਸਿ ਹੈ ਗੁਰ ਪੂਛਿ ਕਰਹਿ ਵਾਪਾਰੁ ॥ ਹਰਿ ਨਾਮੁ ਸਲਾਹਨਿ ਸਦਾ ਸਦਾ ਵਖਰੁ ਹਰਿ ਨਾਮੁ ਅਧਾਰੁ॥ ਗੁਰਿ ਪੂਰੈ ਹਰਿ ਨਾਮੁ ਦ੍ਰਿੜਾਇਆ ਹਰਿ ਭਗਤਾ ਅਤੁਟੁ ਭੰਡਾਰੁ ॥ ੧ ॥ ਭਾਈ ਰੇ ਇਸੁ ਮਨ ਕਉ

Digitized by Panjab Digital Library | www.panjabdigilib.org

ਸਮਝਾਇ ॥ ਏ ਮਨ ਆਲਸੁ ਕਿਆ ਕਰਹਿ ਗੁਰਮੁਖਿ ਨਾਮੁ ਧਿਆਇ ॥੧॥ ਰਹਾਉ ॥ ਹਰਿ ਭਗਤਿ ਹਰਿ ਕਾ ਪਿਆਰੁ ਹੈ ਜੇ ਗੁਰਮੁਖਿ ਕਰੇ ਬੀਚਾਰੁ ॥ ਪਾਖੰਡਿ ਭਗਤਿ ਨ ਹੋਵਈ ਦੁਬਿਧਾ ਬੋਲੁ ਖੁਆਰੁ ॥ ਸੋ ਜਨੁ ਰਲਾਇਆ ਨਾ ਰਲੈ ਜਿਸੁ ਅੰਤਰਿ ਬਿਬੇਕ ਬੀਚਾਰੁ ॥੨॥ ਸੋ ਸੇਵਕੁ ਹਰਿ ਆਖੀਐ ਜੋ ਹਰਿ ਰਾਖੈ ਉਰਿ ਧਾਰਿ ॥ ਮਨੁ ਤਨੁ ਸਉਪੇ ਆਗੈ ਧਰੇ ਹਉਮੈ ਵਿਚਹੁ ਮਾਰਿ॥ ਧਨੁ ਗੁਰਮੁਖਿ ਸੋ ਪਰਵਾਣੁ ਹੈ ਜਿ ਕਦੇ ਆਵੈ ਹਾਰਿ ॥ ੩ ॥ ਕਰਮਿ ਮਿਲੈ ਤਾ ਪਾਈਐ ਵਿਣੁ ਕਰਮੈ ਪਾਇਆ ਨ ਜਾਇ ॥ ਲਖ ਚਉਰਾਸੀਹ ਤਰਸਦੇ ਜਿਸੁ ਮੇਲੇ ਸੋ ਮਿਲੈ ਹਰਿ ਆਇ ॥ ਨਾਨਕ ਗੁਰਮੁਖਿ ਪਾਇਆ ਸਦਾ ਹਰਿ ਨਾਮਿ ਸਮਾਇ ॥ ੪ ॥ ੬ ॥ ੩੯ ॥

ਵਿਧੀ–ਇਹ ਸ਼ਬਦ ੪੧ ਦਿਨ ੧੦੧ ਪਾਠ ਹਰ ਰੋਜ਼ ਕਰਨ ਨਾਲ ਬੇਅੰਤ ਧਨ ਦੀ ਪ੍ਰਾਪਤੀ ਹੋਵੇ। ਮਿੱਟੀ ਨੂੰ ਹੱਥ ਪਾਓ ਤਾਂ ਸੋਨਾ ਹੋ ਜਾਏ। ਸਭ ਗਰੀਬੀ ਦੂਰ ਹੋਵੇ।

## ਸ਼ਬਦ ਨੰ: ੭੧

## ਸੂਹੀ ਮਹਲਾ ੫ ॥

ਗੁਰਿ ਅਪੁਨੇ ਊਪਰਿ ਬਲਿ ਜਾਈਐ ॥ ਆਠ ਪਹਰ ਹਰਿ ਹਰਿ ਜਸੁ ਗਾਈਐ ॥ ੧ ॥ ਸਿਮਰਉ ਸੋ ਪ੍ਰਭੁ ਅਪਨਾ ਸੁਆਮੀ ॥ ਸਗਲ ਘਟਾ ਕਾ ਅੰਤਰਜਾਮੀ ॥ ੧ ॥ ਰਹਾਉ ॥ ਚਰਣ ਕਮਲ ਸਿਉ ਲਾਗੀ ਪ੍ਰੀਤਿ ॥ ਸਾਚੀ ਪੂਰਨ ਨਿਰਮਲ ਰੀਤਿ ॥੨॥ ਸੰਤ ਪ੍ਰਸਾਦਿ ਵਸੈ ਮਨ ਮਾਹੀ ॥ ਜਨਮ ਜਨਮ ਕੇ ਕਿਲਵਿਖ ਜਾਹੀ ॥ ੩ ॥ ਕਰਿ ਕਿਰਪਾ ਪ੍ਰਭ ਦੀਨ ਦਇਆਲਾ ॥ ਨਾਨਕੁ ਮਾਗੈ ਸੰਤ ਰਵਾਲਾ ॥ ੪ ॥ ੧੭ ॥

ਵਿਧੀ–ਇਸ ਸ਼ਬਦ ਦੇ ੧੦੯ ਪਾਠ ੬੧ ਦਿਨ ਰੋਜ਼ਾਨਾ ਕਰਨ ਨਾਲ ਸਭ ਪਾਪਾਂ ਦਾ ਨਾਸ ਹੁੰਦਾ ਹੈ। ਵਾਹਿਗੁਰੂ ਦੇ ਸਿਮਰਨ ਵਿਚ ਮਨ ਜੁੜਦਾ ਹੈ।

Digitized by Panjab Digital Library / www.panjabdigilib.org

## ਸ਼ਬਦ ਨੰ: ੭੨

ਮਾਝ ਮਹਲਾ ੫ ॥

ਦੁਖੁ ਤਦੇ ਜਾ ਵਿਸਰਿ ਜਾਵੈ ॥ ਭੁਖ ਵਿਆਪੈ ਬਹੁ ਬਿਧਿ ਧਾਵੈ ॥ ਸਿਮਰਤ ਨਾਮੁ ਸਦਾ ਸੁਹੇਲਾ ਜਿਸੁ ਦੇਵੈ ਦੀਨ ਦਇਆਲਾ ਜੀਉ ॥ ੧ ॥ ਸਤਿਗੁਰੁ ਮੇਰਾ ਵਡ ਸਮਰਥਾ ॥ ਜੀਇ ਸਮਾਲੀ ਤਾ ਸਭੁ ਦੁਖੁ ਲਥਾ ॥ ਚਿੰਤਾ ਰੋਗੁ ਗਈ ਹਉ ਪੀੜਾ ਆਪਿ ਕਰੇ ਪ੍ਰਤਿਪਾਲਾ ਜੀਉ ॥੨ ॥ ਬਾਰਿਕ ਵਾਂਗੀ ਹਉ ਸਭੁ ਕਿਛੁ ਮੰਗਾ ॥ ਦੇਦੇ ਤੋਟਿ ਨਾਹੀ ਪ੍ਰਭ ਰੰਗਾ ॥ ਪੈਰੀ ਪੈ ਪੈ ਬਹੁਤੁ ਮਨਾਈ ਦੀਨ ਦਇਆਲ ਗੋਪਾਲਾ ਜੀਉ ॥ ੩ ॥ ਹਉ ਬਲਿਹਾਰੀ ਸਤਿਗੁਰ ਪੂਰੇ ॥ ਜਿਨਿ ਬੰਧਨ ਕਾਟੇ ਸਗਲੇ ਮੇਰੇ ॥ ਹਿਰਦੈ ਨਾਮੁ ਦੇ ਨਿਰਮਲ ਕੀਏ ਨਾਨਕ ਰੰਗਿ ਰਸਾਲਾ ਜੀਉ ॥ ੪ ॥ ੮ ॥ ੧੫ ॥

ਵਿਧੀ–ਇਸ ਸ਼ਬਦ ਦਾ ਇਕੋਤ੍ਰ ਸੌ ਦਿਨ ੧੦੧ ਪਾਠ ਹਰ ਰੋਜ਼ ਕਰਨ ਨਾਲ ਕਿਸੇ ਕਿਸਮ ਦਾ ਮੁਕੱਦਮਾ ਜਾਂ ਘਰ ਵਿਚ ਕੋਈ ਕਸ਼ਟ ਹੋਵੇ ਤਾਂ ਉਸ ਵਿਚ ਸਫਲਤਾ ਪ੍ਰਾਪਤ ਹੋਵੇ।

## ਸ਼ਬਦ ਨੰ: ੭੩

ਮਾਝ ਮਹਲਾ ੫ ॥

ਸਿਮਰਤ ਨਾਮੁ ਰਿਦੈ ਸੁਖੁ ਪਾਇਆ ॥ ਕਰਿ ਕਿਰਪਾ ਭਗਤੀ ਪ੍ਰਗਟਾਇਆ ॥ ਸੰਤ ਸੰਗਿ ਮਿਲਿ ਹਰਿ ਹਰਿ ਜਪਿਆ ਬਿਨਸੇ ਆਲਸ ਰੋਗਾ ਜੀਉ ॥੧॥ ਜਾ ਕੈ ਗ੍ਰਿਹਿ ਨਵ ਨਿਧਿ ਹਰਿ ਭਾਈ॥ ਤਿਸੁ ਮਿਲਿਆ ਜਿਸੁ ਪੁਰਬ ਕਮਾਈ॥ ਗਿਆਨ ਧਿਆਨ ਪੂਰਨ ਪਰਮੇਸੁਰ ਪ੍ਰਭੁ ਸਭਨਾ ਗਲਾ ਜੋਗਾ ਜੀਉ॥ ੨॥ ਖਿਨ ਮਹਿ ਥਾਪਿ ਉਥਾਪਨਹਾਰਾ॥ ਆਪਿ ਇਕੰਤੀ ਆਪਿ ਪਸਾਰਾ॥ ਲੇਪੁ ਨਹੀ ਜਗਜੀਵਨ ਦਾਤੇ ਦਰਸਨ ਡਿਠੇ ਲਹਨਿ ਵਿਜੋਗਾ ਜੀਉ ॥੩॥ ਅੰਚਲਿ ਲਾਇ ਸਭ ਸਿਸਟਿ ਤਰਾਈ ॥ ਆਪਣਾ ਨਾਉ ਆਪਿ ਜਪਾਈ॥ ਗੁਰ ਬੋਹਿਥੁ

Digitized by Panjab Digital Library | www.panjabdigilib.org

ਪਾਇਆ ਕਿਰਪਾ ਤੇ ਨਾਨਕ ਧੁਰਿ ਸੰਜੋਗਾ ਜੀਉ ॥ ੪ ॥

ਵਿਧੀ–ਇਸ ਸ਼ਬਦ ਨੂੰ ੪੦ ਦਿਨ ੪੧ ਵਾਰੀ ਹਰ ਰੋਜ਼ ਜਪਣਾ । ਸੰਸਾਰਕ ਪਦਾਰਥ ਮਿਲਣ ਤੇ ਦੁਖ ਦਰਦ ਦੂਰ ਹੋਵਣ। ਆਲਸ ਰੋਗ ਦਾ ਨਾਸ ਹੋਵੇ।

## ਸ਼ਬਦ ਨੰ: ੭੪

### ਸਲੋਕ ਮਹਲਾ ੫ ॥

ਤਿਚਰੁ ਮੂਲਿ ਨ ਥੁੜੀਂਦੋ ਜਿਚਰੁ ਆਪਿ ਕ੍ਰਿਪਾਲੁ ॥ ਸਬਦੁ ਅਖੁਟੁ ਬਾਬਾ ਨਾਨਕ ਖਾਹਿ ਖਰਚਿ ਧਨੁ ਮਾਲੁ ॥ ੨੦ ॥

ਵਿਧੀ–ਇਸ ਸਲੋਕ ਦਾ ਪਾਠ ਐਤਵਾਰ ਤੋਂ ਅਰੰਭ ਕਰਕੇ ਕੁਲ ਸਵਾ ਲੱਖ ਕਰਨਾ। ਇਸ ਸ਼ਬਦ ਨੂੰ ਸਿੱਧ ਕਰ ਲੈਣ ਨਾਲ ਭੰਡਾਰੇ ਵਿਚ ਕਦੀ ਤੋਟ ਨਹੀਂ ਆਉਂਦੀ। ਘਰ ਵਿਚ ਮਾਇਆ ਦੀ ਲਹਿਰ ਬਹਿਰ ਲੱਗ ਜਾਂਦੀ ਹੈ। ਸਭ ਪਦਾਰਥ ਆਉਣ ਲਗ ਪੈਂਦੇ ਹਨ।

## ਸ਼ਬਦ ਨੰ: ੭੫

### ਗਉੜੀ ਛੰਤ ਮਹਲਾ ੫ ॥

ਮੇਰੈ ਮਨਿ ਅਨਦੁ ਭਇਆ ਜੀਉ ਵਜੀ ਵਾਧਾਈ ॥ ਘਰਿ ਲਾਲੁ ਆਇਆ ਪਿਆਰਾ ਸਭ ਤਿਖਾ ਬੁਝਾਈ॥ ਮਿਲਿਆ ਤ ਲਾਲੁ ਗੁਪਾਲੁ ਠਾਕੁਰੁ ਸਖੀ ਮੰਗਲੁ ਗਾਇਆ ॥ ਸਭ ਮੀਤ ਬੰਧਪ ਹਰਖੁ ਉਪਜਿਆ ਦੂਤ ਥਾਉ ਗਵਾਇਆ ॥ ਅਨਹਤ ਵਾਜੇ ਵਜਹਿ ਘਰ ਮਹਿ ਪਿਰ ਸੰਗਿ ਸੇਜ ਵਿਛਾਈ ॥ ਬਿਨਵੰਤਿ ਨਾਨਕੁ ਸਹਜਿ ਰਹੈ ਹਰਿ ਮਿਲਿਆ ਕੰਤੁ ਸੁਖਦਾਈ ॥੪॥੧॥

ਵਿਧੀ–ਇਸ ਸ਼ਬਦ ਦੇ ੪੧ ਦਿਨ ੪੧ ਪਾਠ ਹਰ ਰੋਜ਼ ਕਰਨ ਨਾਲ ਮਨ ਦੀਆਂ ਮੁਰਾਦਾਂ ਪੂਰੀਆਂ ਹੁੰਦੀਆ ਹਨ। ਘਰ ਵਿਚ ਅਨੰਦ ਮੰਗਲਾਚਾਰ ਬਣਦਾ ਹੈ। ਪਤੀ ਪਤਨੀ ਵਿਚ ਪ੍ਰੇਮ ਵਧਦਾ ਹੈ।

Digitized by Panjab Digital Library / www.panjabdigilib.org

## ਸ਼ਬਦ ਨੰ: ੭੬

### ਸੂਹੀ ਮਹਲਾ ੪ ਘਰੁ ੭ ॥

ਤੇਰੇ ਕਵਨ ਕਵਨ ਗੁਨ ਕਹਿ ਕਹਿ ਗਾਵਾ ਤੂ ਸਾਹਿਬ ਗੁਣੀ ਨਿਧਾਨਾ ॥ ਤੁਮਰੀ ਮਹਿਮਾ ਬਰਨਿ ਨ ਸਾਕਉ ਤੂੰ ਠਾਕੁਰ ਊਚ ਭਗਵਾਨਾ ॥੧॥ ਮੈ ਹਰਿ ਹਰਿ ਨਾਮੁ ਧਰ ਸੋਈ ॥ ਜਿਉ ਭਾਵੈ ਤਿਉ ਰਾਖੁ ਮੇਰੇ ਸਾਹਿਬ ਮੈ ਤੁਝ ਬਿਨੁ ਅਵਰੁ ਨ ਕੋਇ ॥੧॥ ਰਹਾਉ॥ ਮੈ ਤਾਣੁ ਦੀਬਾਣੁ ਤੂਹੈ ਮੇਰੇ ਸੁਆਮੀ ਮੈ ਤੁਧੁ ਆਗੈ ਅਰਦਾਸਿ॥ ਮੈ ਹੋਰੁ ਥਾਉ ਨਾਹੀ ਜਿਸੁ ਪਹਿ ਕਰਉ ਬੇਨੰਤੀ ਮੇਰਾ ਦੁਖੁ ਸੁਖੁ ਤੁਝ ਹੀ ਪਾਸਿ ॥੨॥ ਵਿਚੇ ਧਰਤੀ ਵਿਚੇ ਪਾਣੀ ਵਿਚਿ ਕਾਸਟਿ ਅਗਨਿ ਧਰੀਜੈ ॥ ਬਕਰੀ ਸਿੰਘੁ ਇਕਤੈ ਥਾਇ ਰਾਖੇ ਮਨ ਹਰਿ ਜਪਿ ਭ੍ਰਮੁ ਭਉ ਦੂਰਿ ਕੀਜੈ ॥ ੩ ॥ ਹਰਿ ਕੀ ਵਡਿਆਈ ਦੇਖਹੁ ਸੰਤਹੁ ਹਰਿ ਨਿਮਾਣਿਆ ਮਾਣੁ ਦਿਵਾਏ ॥ ਜਿਉ ਧਰਤੀ ਚਰਣ ਤਲੇ ਤੇ ਊਪਰਿ ਆਵੈ ਤਿਉ ਨਾਨਕ ਸਾਧ ਜਨਾ ਜਗਤੁ ਆਣਿ ਸਭੁ ਪੈਰੀ ਪਾਏ ॥ ੪ ॥ ੧ ॥ ੧੨ ॥

ਵਿਧੀ—ਇਸ ਸ਼ਬਦ ਦੇ ਇਕੋਤ੍ਰ ਸੌ ਦਿਨ ਹਰ ਰੋਜ਼ ੧੦੮ ਪਾਠ ਕਰਨ ਨਾਲ ਮਨੁੱਖ ਦਾ ਪ੍ਰਤਾਪ ਸੂਰਜ ਵਾਂਗ ਚਮਕਦਾ ਹੈ। ਹਰ ਥਾਂ ਤੇ ਆਦਰ, ਮਾਨ ਤੇ ਸਤਕਾਰ ਮਿਲਦਾ ਹੈ।

## ਸ਼ਬਦ ਨੰ: ੭੭

ਜਾਚਕ ਜਨੁ ਜਾਚੈ ਪ੍ਰਭ ਦਾਨੁ ॥ ਕਰਿ ਕਿਰਪਾ ਦੇਵਹੁ ਹਰਿ ਨਾਮੁ ॥ ਸਾਧ ਜਨਾ ਕੀ ਮਾਗਉ ਧੂਰਿ ॥ ਪਾਰਬ੍ਰਹਮ ਮੇਰੀ ਸਰਧਾ ਪੂਰਿ ॥ ਸਦਾ ਸਦਾ ਪ੍ਰਭ ਕੇ ਗੁਨ ਗਾਵਉ॥ ਸਾਸਿ ਸਾਸਿ ਪ੍ਰਭ ਤੁਮਹਿ ਧਿਆਵਉ ॥ ਚਰਨ ਕਮਲ ਸਿਉ ਲਾਗੈ ਪ੍ਰੀਤਿ ॥ ਭਗਤਿ ਕਰਉ ਪ੍ਰਭ ਕੀ ਨਿਤ ਨੀਤ ॥ ਏਕ ਓਟ ਏਕੋ ਆਧਾਰੁ ॥ ਨਾਨਕੁ ਮਾਗੈ ਨਾਮੁ ਪ੍ਰਭ ਸਾਰੁ ॥ ੧ ॥

[ਗਉੜੀ ਸੁਖਮਨੀ ਮਹਲਾ ੫]

ਇਸ ਸ਼ਬਦ ਦੇ ੪੦ ਦਿਨ ਹਰ ਰੋਜ਼ ੨੧ ਪਾਠ ਕਰਨੇ । ਪਾਠ ਜਾਨਣੇ

Digitized by Panjab Digital Library / www.panjabdigilib.org

ਪੱਖ ਦੀ ਅੱਧੀ ਰਾਤ ਤੋਂ ਆਰੰਭ ਕਰਨਾ। ਸੰਸਾਰ ਦੇ ਲੋਕ ਬਹੁਤ ਮਾਨ ਸਤਕਾਰ ਕਰਨ। ਬਹੁਤ ਤਰੱਕੀ ਹੋਵੇ। ਕੋਈ ਉੱਚੀ ਪਦਵੀ ਪ੍ਰਾਪਤ ਹੋਵੇ।

ਸ਼ਬਦ ਨੰ: ੭੮

ਗੋਂਡ ਮਹਲਾ ੫ ॥

ਨਿਮਾਨੇ ਕਉ ਜੋ ਦੇਤੋ ਮਾਨੁ ॥ ਸਗਲ ਭੂਖੇ ਕਉ ਕਰਤਾ ਦਾਨੁ। ਗਰਭ ਘੋਰ ਮਹਿ ਰਾਖਨਹਾਰੁ ॥ ਤਿਸੁ ਠਾਕੁਰ ਕਉ ਸਦਾ ਨਮਸਕਾਰੁ ॥ ੧ ॥ ਐਸੋ ਪ੍ਰਭੁ ਮਨ ਮਾਹਿ ਧਿਆਇ ॥ ਘਟਿ ਅਵਘਟਿ ਜਤ ਕਤਹਿ ਸਹਾਇ ॥੧॥ ਰਹਾਉ ॥ ਰੰਕ ਰਾਉ ਜਾ ਕੈ ਏਕੁ ਸਮਾਨਿ ॥ ਕੀਟ ਹਸਤਿ ਸਗਲ ਪੂਰਾਨ ॥ ਬੀਓ ਪੂਛਿ ਨ ਮਸਲਤਿ ਧਰੈ॥ ਜੋ ਕਿਛੁ ਕਰੈ ਸੁ ਆਪਹਿ ਕਰੈ॥੨॥ ਜਾਕਾ ਅੰਤੁ ਨ ਜਾਨਸਿ ਕੋਇ ॥ ਆਪੇ ਆਪਿ ਨਿਰੰਜਨੁ ਸੋਇ ॥ ਆਪਿ ਆਕਾਰੁ ਆਪਿ ਨਿਰੰਕਾਰੁ ॥ ਘਟ ਘਟ ਘਟਿ ਸਭ ਘਟ ਆਧਾਰੁ॥੩॥ ਨਾਮ ਰੰਗਿ ਭਗਤ ਭਏ ਲਾਲ ॥ ਜਸੁ ਕਰਤੇ ਸੰਤ ਸਦਾ ਨਿਹਾਲ ॥ ਨਾਮ ਰੰਗਿ ਜਨ ਰਹੇ ਅਘਾਇ ॥ ਨਾਨਕ ਤਿਨ ਜਨ ਲਾਗੈ ਪਾਇ ॥ ੪ ॥ ੩ ॥ ੫ ॥

ਵਿਧੀ—ਇਸ ਸ਼ਬਦ ਨੂੰ ੪੦ ਦਿਨਾਂ ਵਿਚ ੨੦ ਸੋ ਜਪੋ। ਜਗਤ ਵਿਚ ਮਾਨ ਸਤਕਾਰ ਪ੍ਰਾਪਤ ਹੋਵੇ। ਹਰ ਪਾਸੇ ਜੈ ਜੈ ਕਾਰ ਹੁੰਦੀ ਹੈ।

ਸ਼ਬਦ ਨੰ: ੭੯

ਗਉੜੀ ਸੁਖਮਨੀ ਮਹਲਾ ੫ ॥ ਪਉੜੀ ੩ ॥

ਪ੍ਰਭ ਕੈ ਸਿਮਰਨਿ ਰਿਧਿ ਸਿਧਿ ਨਉਨਿਧਿ ॥ ਪ੍ਰਭ ਕੈ ਸਿਮਰਨਿ ਗਿਆਨੁ ਧਿਆਨੁ ਤਤੁ ਬੁਧਿ ॥ ਪ੍ਰਭ ਕੈ ਸਿਮਰਨਿ ਜਪ ਤਪ ਪੂਜਾ ॥ ਪ੍ਰਭ ਕੈ ਸਿਮਰਨਿ ਬਿਨਸੈ ਦੂਜਾ ॥ ਪ੍ਰਭ ਕੈ ਸਿਮਰਨਿ ਤੀਰਥ ਇਸਨਾਨੀ ॥ ਪ੍ਰਭ ਕੈ ਸਿਮਰਨਿ ਦਰਗਹ ਮਾਨੀ ਪ੍ਰਭ ਕੈ ਸਿਮਰਨਿ ਹੋਇ ਸੁ ਭਲਾ ॥ ਪ੍ਰਭ ਕੈ ਸਿਮਰਨਿ ਸੁਫਲ ਫਲਾ॥ ਸੇ ਸਿਮਰਹਿ ਜਿਨ ਆਪਿ ਸਿਮਰਾਏ॥ ਨਾਨਕ ਤਾ ਕੈ ਲਾਗਉ ਪਾਏ ॥ ੩ ॥

Digitized by Panjab Digital Library / www.panjabdigilib.org

## ਸ਼ਬਦ ਨੰ: ੯੪

### ਸਲੋਕੁ ॥

ਛਾਤੀ ਸੀਤਲ ਮਨੁ ਸਖੀ ਛੰਤ ਗੋਬਿੰਦ ਗੁਨ ਗਾਇ ॥ ਐਸੀ ਕਿਰਪਾ ਕਰਹੁ ਪ੍ਰਭ ਨਾਨਕ ਦਾਸ ਦਸਾਇ ॥ ੧ ॥

ਵਿਧੀ–ਇਸ ਸਲੋਕ ਨੂੰ ੧੦੮ ਵਾਰ ਹਰ ਰੋਜ਼ ੪੦ ਦਿਨ ਜਪਣ ਨਾਲ ਮਨ ਤਨ ਸੁਖੀ ਰਹਿੰਦਾ ਹੈ। ਸਤਿਗੁਰੂ ਦੀ ਮਿਹਰ ਪ੍ਰਾਪਤ ਹੁੰਦੀ ਹੈ।

## ਸ਼ਬਦ ਨੰ: ੯੫

### ਸੋਰਠਿ ਮਹਲਾ ੫ ॥

ਆਗੈ ਸੁਖੁ ਗੁਰਿ ਦੀਆ ॥ ਪਾਛੈ ਕੁਸਲ ਖੇਮ ਗੁਰਿ ਕੀਆ ॥ ਸਰਬ ਨਿਧਾਨ ਸੁਖ ਪਾਇਆ ॥ ਗੁਰੁ ਅਪੁਨਾ ਰਿਦੈ ਧਿਆਇਆ ॥ ੧ ॥ ਅਪਨੇ ਸਤਿਗੁਰ ਕੀ ਵਡਿਆਈ ॥ ਮਨ ਇਛੇ ਫਲ ਪਾਈ॥ ਸੰਤਹੁ ਦਿਨੁ ਦਿਨੁ ਚੜੈ ਸਵਾਈ ॥ ਰਹਾਉ ॥ ਜੀਅ ਜੰਤ ਸਭਿ ਭਏ ਦਇਆਲਾ ਪ੍ਰਭਿ ਅਪਨੇ ਕਰਿ ਦੀਨੇ ॥ ਸਹਜ ਸੁਭਾਇ ਮਿਲੇ ਗੋਪਾਲਾ ਨਾਨਕ ਸਾਚਿ ਪਤੀਨੇ ॥ ੨ ॥

ਵਿਧੀ–ਇਸ ਸ਼ਬਦ ਨੂੰ ੪੦ ਦਿਨ ਹਰ ਰੋਜ਼ ੨੧ ਵਾਰ ਪੜ੍ਹਿਆ ਜਾਵੇ ਤਾਂ ਸਰਬ ਪ੍ਰਕਾਰ ਦੀ ਕੁਸ਼ਲਤਾ ਹੁੰਦੀ ਹੈ।

## ਸ਼ਬਦ ਨੰ: ੯੬

### ਸੋਰਠਿ ਮਹਲਾ ੫ ॥

ਗਏ ਕਲੇਸ ਰੋਗ ਸਭਿ ਨਾਸੇ ਪ੍ਰਭਿ ਅਪੁਨੈ ਕਿਰਪਾ ਧਾਰੀ ॥ ਆਠ ਪਹਰ ਆਰਾਧਹੁ ਸੁਆਮੀ ਪੂਰਨ ਘਾਲ ਹਮਾਰੀ ॥ ੧ ॥ ਹਰਿ ਜੀਉ ਤੂ ਸੁਖ ਸੰਪਤਿ ਰਾਸਿ॥ ਰਾਖਿ ਲੈਹੁ ਭਾਈ ਮੇਰੇ ਕਉ ਪ੍ਰਭ ਆਗੈ ਅਰਦਾਸਿ ॥ ਰਹਾਉ ॥ ਜੋ ਮਾਗਉ ਸੋਈ ਸੋਈ ਪਾਵਉ ਅਪਨੇ ਖਸਮ ਭਰੋਸਾ॥ਕਹੁ ਨਾਨਕ ਗੁਰੁ ਪੂਰਾ ਭੇਟਿਓ ਮਿਟਿਓ ਸਗਲ ਅੰਦੇਸਾ ॥ ੨ ॥ ੧੪ ॥ ੪੨ ॥

Digitized by Panjab Digital Library / www.panjabdigilib.org

ਵਿਧੀ–ਇਸ ਸ਼ਬਦ ਦੇ ੪੦ ਦਿਨ ਰੋਜ਼ ੪੧ ਪਾਠ ਕਰਨ ਨਾਲ ਹਰ ਤਰ੍ਹਾਂ ਦੇ ਮਾਨਸਕ, ਸਰੀਰਕ ਤੇ ਘਰੋਗੀ ਕਲੇਸ਼ ਨਵਿਰਤ ਹੋ ਜਾਂਦੇ ਹਨ।

## ਸ਼ਬਦ ਨੰ: ੯੭

### ਮਾਝ ਮਹਲਾ ੫ ॥

ਰੈਣਿ ਸੁਹਾਵੜੀ ਦਿਨਸੁ ਸੁਹੇਲਾ ॥ ਜਪਿ ਅੰਮ੍ਰਿਤ ਨਾਮੁ ਸੰਤ ਸੰਗਿ ਮੇਲਾ ॥ ਘੜੀ ਮੂਰਤ ਸਿਮਰਤ ਪਲ ਵੰਞਹਿ ਜੀਵਣੁ ਸਫਲੁ ਤਿਥਾਈ ਜੀਉ ॥ ੧॥ ਸਿਮਰਤ ਨਾਮੁ ਦੋਖ ਸਭਿ ਲਾਥੇ ॥ ਅੰਤਰਿ ਬਾਹਰਿ ਹਰਿ ਪ੍ਰਭੁ ਸਾਥੇ ॥ ਭੈ ਭਉ ਭਰਮੁ ਖੋਇਆ ਗੁਰਿ ਪੂਰੈ ਦੇਖਾ ਸਭਨੀ ਜਾਈ ਜੀਉ ॥ ੨ ॥ ਪ੍ਰਭੁ ਸਮਰਥੁ ਵਡ ਊਚ ਅਪਾਰਾ ॥ ਨਉ ਨਿਧਿ ਨਾਮੁ ਭਰੇ ਭੰਡਾਰਾ ॥ ਆਦਿ ਅੰਤਿ ਮਧਿ ਪ੍ਰਭੁ ਸੋਈ ਦੂਜਾ ਲਵੈ ਨ ਲਾਈ ਜੀਉ ॥੩॥ ਕਰਿ ਕਿਰਪਾ ਮੇਰੇ ਦੀਨ ਦਇਆਲਾ॥ ਜਾਚਿਕੁ ਜਾਚੈ ਸਾਧ ਰਵਾਲਾ ॥ ਦੇਹਿ ਦਾਨੁ ਨਾਨਕੁ ਜਨੁ ਮਾਗੈ ਸਦਾ ਸਦਾ ਹਰਿ ਧਿਆਈ ਜੀਉ ॥ ੪ ॥ ੩੮ ॥ ੪੫ ॥

ਵਿਧੀ–ਇਸ ਸ਼ਬਦ ਦੇ ੨੧ ਪਾਠ ੨੧ ਦਿਨ ਹਰ ਰੋਜ਼ ਸ਼ਾਮ ਸਮੇਂ ਕਰਨ ਨਾਲ ਰਾਜ ਦਰਬਾਰ ਵਿਚ ਸਤਕਾਰ ਮਿਲਦਾ ਹੈ ਤੇ ਕੋਈ ਵਡੀ ਪਦਵੀ ਪਰਾਪਤ ਹੁੰਦੀ ਹੈ।

## ਸ਼ਬਦ ਨੰ: ੯੮

### ਕੇਦਾਰਾ ਮਹਲਾ ੫ ਘਰੁ ੪ ॥

ਸਰਨੀ ਆਇਓ ਨਾਥ ਨਿਧਾਨ ॥ ਨਾਮ ਪ੍ਰੀਤਿ ਲਾਗੀ ਮਨ ਭੀਤਰਿ ਮਾਗਨ ਕਉ ਹਰਿ ਦਾਨ ॥੧ ॥ ਰਹਾਉ ॥ ਸੁਖਦਾਈ ਪੂਰਨ ਪਰਮੇਸੁਰ ਕਰਿ ਕਿਰਪਾ ਰਾਖਹੁ ਮਾਨ ॥ ਦੇਹੁ ਪ੍ਰੀਤਿ ਸਾਧੂ ਸੰਗਿ ਸੁਆਮੀ ਹਰਿ ਗੁਨ ਰਸਨ ਬਖਾਨ ॥੧॥ ਗੋਪਾਲ ਦਇਆਲ ਗੋਬਿਦ ਦਮੋਦਰ ਨਿਰਮਲ ਕਥਾ ਗਿਆਨ॥ ਨਾਨਕ ਕਉ ਹਰਿ ਕੈ ਰੰਗਿ ਰਾਗਹੁ ਚਰਨ ਕਮਲ ਸੰਗਿ ਧਿਆਨ ॥੨॥੧॥੩॥

ਵਿਧੀ–ਇਹ ਸ਼ਬਦ ੨੧ ਦਿਨ ਹਰ ਰੋਜ਼ ੨੧ ਵਾਰ ਜਪਣ ਨਾਲ ਹਰ

Digitized by Panjab Digital Library / www.panjabdigilib.org

ਥਾਂ ਤੇ ਆਦਰ, ਮਾਨ ਤੇ ਸਤਕਾਰ ਮਿਲਦਾ ਹੈ। ਰਾਜ ਦਰਬਾਰ ਵਿਚ ਉੱਚੀ ਪਦਵੀ ਪ੍ਰਾਪਤ ਹੁੰਦੀ ਹੈ।

## ਸ਼ਬਦ ਨੰ: ੮੯

### ਗਉੜੀ ਮਹਲਾ ੧ ਛੰਤ ॥

ਮਿਲੁ ਸਖੀ ਸਹੇਲੜੀਹੋ ਹਮ ਪਿਰੁ ਰਾਵੇਹਾ ॥ ਗੁਰਿ ਪੂਛਿ ਲਿਖਉਗੀ ਜੀਉ ਸਬਦਿ ਸਨੇਹਾ ॥ ਸਬਦੁ ਸਾਚਾ ਗੁਰਿ ਦਿਖਾਇਆ ਮਨਮੁਖੀ ਪਛੁਤਾਣੀਆ ॥ ਨਿਕਸਿ ਜਾਤਉ ਰਹੈ ਅਸਥਿਰੁ ਜਾਮਿ ਸਚੁ ਪਛਾਣੀਐ ॥ ਸਾਚ ਕੀ ਮਤਿ ਸਦਾ ਨਉਤਨ ਸਬਦਿ ਨੇਹੁ ਨਵੇਲਓ॥ਨਾਨਕ ਨਦਰੀ ਸਹਜਿ ਸਾਚਾ ਮਿਲਹੁ ਸਖੀ ਸਹੇਲੀਹੋ ॥ ੩ ॥

ਵਿਧੀ—ਇਸ ਸ਼ਬਦ ਦਾ ਹਰ ਰੋਜ਼ ਲਗਾਤਾਰ ੨੧ਵਾਰੀ ਪਾਠ ਕਰਨ ਨਾਲ ਇਸਤ੍ਰੀ ਦਾ ਰੁਸਿਆ ਪਤੀ ਸੁਲਾਹ ਸਫਾਈ ਨਾਲਘਰ ਵਾਪਸ ਆ ਜਾਂਦਾ ਹੈ। ਇਸਤ੍ਰੀ ਤੇ ਪਤੀ ਦਾ ਪਿਆਰ ਸਦਾ ਬਣਿਆ ਰਹਿੰਦਾ ਹੈ।

## ਸ਼ਬਦ ਨੰ. ੯੦

### ਬਿਲਾਵਲੁ ਮਹਲਾ ੫ ॥

ਜਿਉ ਭਾਵੈ ਤਿਉ ਮੋਹਿ ਪ੍ਰਤਿਪਾਲ ॥ ਪਾਰਬ੍ਰਹਮ ਪਰਮੇਸਰ ਸਤਿਗੁਰ ਹਮ ਬਾਰਿਕ ਤੁਮ ਪਿਤਾ ਕਿਰਪਾਲ ॥ ੧ ॥ ਰਹਾਉ ॥ ਮੋਹਿ ਨਿਰਗੁਣ ਗੁਣੁ ਨਾਹੀ ਕੋਈ ਪਹੁਚਿ ਨ ਸਾਕਉ ਤੁਮਰੀ ਘਾਲ ॥ ਤੁਮਰੀ ਗਤਿ ਮਿਤਿ ਤੁਮਹੀ ਜਾਨਹੁ ਜੀਉ ਪਿੰਡੁ ਸਭੁ ਤੁਮਰੋ ਮਾਲ ॥ ੧ ॥ ਅੰਤਰਜਾਮੀ ਪੁਰਖ ਸੁਆਮੀ ਅਨਬੋਲਤ ਹੀ ਜਾਨਹੁ ਹਾਲ ॥ ਤਨੁ ਮਨੁ ਸੀਤਲੁ ਹੋਇ ਹਮਾਰੋ ਨਾਨਕ ਪ੍ਰਭ ਜੀਉ ਨਦਰਿ ਨਿਹਾਲ ॥ ੨ ॥ ੫ ॥ ੧੨੧ ॥

ਵਿਧੀ—ਇਸ ਬੇਨਤੀ ਰੂਪ ਸ਼ਬਦ ਨੂੰ ੪੦ ਦਿਨ ੧੦੯ ਵਾਰ ਰੋਜ਼ ਜਪਣ ਨਾਲ ਸੰਸਾਰਕ ਉਲਝਣਾਂ ਵਿਚ ਘਿਰੇ ਮਨ ਨੂੰ ਸ਼ਾਂਤੀ ਪ੍ਰਾਪਤ ਹੁੰਦੀ ਹੈ ਤੇ ਸੁਖਦਾਈ ਵਾਤਾਵਰਣ ਬਣਦਾ ਹੈ।

Digitized by Panjab Digital Library | www.panjabdigilib.org

## ਸ਼ਬਦ ਨੰ: ੯੧

### ਆਸਾ ਮਹਲਾ ੫ ॥

ਊਠਤ ਬੈਠਤ ਸੋਵਤ ਧਿਆਈਐ ॥ ਮਾਰਗਿ ਚਲਤ ਹਰੇ ਹਰਿ ਗਾਈਐ॥ ੧॥ ਸ੍ਰਵਨ ਸੁਨੀਜੈ ਅੰਮ੍ਰਿਤ ਕਥਾ॥ ਜਾਸੁ ਸੁਨੀ ਮਨਿ ਹੋਇ ਅਨੰਦਾ ਦੂਖ ਰੋਗ ਮਨ ਸਗਲੇ ਲਥਾ॥੧॥ ਰਹਾਉ॥ ਕਾਰਜਿ ਕਾਮਿ ਬਾਟ ਘਾਟ ਜਪੀਜੈ ॥ ਗੁਰ ਪ੍ਰਸਾਦਿ ਹਰਿ ਅੰਮ੍ਰਿਤੁ ਪੀਜੈ ॥੨॥ ਦਿਨਸੁ ਰੈਨਿ ਹਰਿ ਕੀਰਤਨੁ ਗਾਈਐ ॥ ਸੋ ਜਨੁ ਜਮ ਕੀ ਵਾਟ ਨ ਪਾਈਐ ॥੩॥ ਆਠ ਪਹਰ ਜਿਸੁ ਵਿਸਰਹਿ ਨਾਹੀ॥ ਗਤਿ ਹੋਵੈ ਨਾਨਕ ਤਿਸੁ ਲਗਿ ਪਾਈ ॥ ੪ ॥

ਵਿਧੀ–ਇਸ ਸ਼ਬਦ ਨੂੰ ੪੦ ਦਿਨ ਹਰ ਰੋਜ਼ ੨੧ ਵਾਰ ਜਪਣ ਨਾਲ ਅਟਕੇ ਕੰਮ ਵਿਚ ਸਫਲਤਾ ਮਿਲੇ, ਮੁਕੱਦਮੇ ਵਿਚ ਫਤਹ ਪ੍ਰਾਪਤ ਹੋਵੇ ਤੇ ਹਰ ਕਾਰਜ ਵਿਚ ਰਖਿਆ ਹੋਵੇ।

## ਸ਼ਬਦ ਨੰ: ੯੨

### ਬਸੰਤ ਮਹਲਾ ੫ ਘਰੁ ੧ ॥

ਸਗਲ ਇਛਾ ਜਪਿ ਪੁੰਨੀਆ ॥ ਪ੍ਰਭਿ ਮੇਲੇ ਚਿਰੀ ਵਿਛੁੰਨਿਆ ॥ ੧ ॥ ਤੁਮ ਰਵਹੁ ਗੋਬਿੰਦੈ ਰਵਣ ਜੋਗੁ ॥ ਜਿਤੁ ਰਵਿਐ ਸੁਖ ਸਹਜ ਭੋਗੁ ॥ ੧ ॥ ਰਹਾਉ ॥ ਕਰਿ ਕਿਰਪਾ ਨਦਰਿ ਨਿਹਾਲਿਆ ॥ ਅਪੁਨਾ ਦਾਸੁ ਆਪਿ ਸਮਾਲਿਆ ॥੨॥ ਸੇਜ ਸੁਹਾਵੀ ਰਸਿ ਬਨੀ॥ਆਇ ਮਿਲੇ ਪ੍ਰਭ ਸੁਖ ਧਨੀ॥੩॥ ਮੇਰਾ ਗੁਣੁ ਅਵਗੁਣੁ ਨ ਬੀਚਾਰਿਆ॥ਪ੍ਰਭ ਨਾਨਕ ਚਰਣ ਪੂਜਾਰਿਆ॥੪॥੧॥

ਵਿਧੀ–ਇਸ ਸ਼ਬਦ ਨੂੰ ਸ਼ੁਕਰਵਾਰ ਤੋਂ ੪੧ ਦਿਨਾਂ ਵਿਚ ਪੰਜ ਹਜ਼ਾਰ ਜਪਣਾ। ਇਸ ਸ਼ਬਦ ਦੇ ਜਪਣ ਨਾਲ ਹਰ ਪ੍ਰਕਾਰ ਦੀਆਂ ਮਨਇਛਤ ਕਾਮਨਾਵਾਂ ਪੂਰਨ ਹੁੰਦੀਆਂ ਹਨ। ਘਰ ਵਿਚ ਸਭ ਪਦਾਰਥਾਂ ਦੀ ਬਹੁਤਾਤ ਹੋ ਜਾਂਦੀ ਹੈ।

Digitized by Panjab Digital Library | www.panjabdigilib.org

ਵਿਧੀ—ਇਸ ਸ਼ਬਦ ਦਾ ੨੧ ਦਿਨਾਂ ਵਿਚ ੨ ਲੱਖ ਪਾਠ ਕਰਕੇ ਸਿੱਧ ਕਰੋ। ਇਸ ਸ਼ਬਦ ਦੀ ਬਰਕਤ ਨਾਲ ਮਾਇਆ ਨਾਲ ਖ਼ਜ਼ਾਨੇ ਭਰਪੂਰ ਰਹਿੰਦੇ ਹਨ। ਕਿਸੇ ਪਦਾਰਥ ਦੀ ਤੋਟ ਨਹੀਂ ਰਹਿੰਦੀ। ਸਿਰ ਤੇ ਚੜ੍ਹਿਆ ਕਰਜ਼ ਉਤਰ ਜਾਂਦਾ ਹੈ। ਸੰਸਾਰ ਵਿਚ ਮਾਨ ਵਡਿਆਈ ਪ੍ਰਾਪਤ ਹੁੰਦੀ ਹੈ।

## ਸ਼ਬਦ ਨੰ: ੯੦

### ਸਲੋਕੁ ॥

ਆਤਮ ਰਸੁ ਜਿਹ ਜਾਨਿਆ ਹਰਿ ਰੰਗ ਸਹਜੇ ਮਾਣੁ ॥ ਨਾਨਕ ਧਨਿ ਧਨਿ ਧੰਨਿ ਜਨ ਆਏ ਤੇ ਪਰਵਾਣੁ ॥ ੧ ॥

ਵਿਧੀ—ਇਹ ਸਲੋਕ ੪੦ ਦਿਨ ਹਰ ਰੋਜ਼ ੧੦੮ ਵਾਰ ਜਪੇ। ਆਤਮਕ ਅਨੰਦ ਦੀ ਪ੍ਰਾਪਤੀ ਹੈ ਤੇ ਸੰਸਾਰ ਵਿਚ ਧੰਨ ਧੰਨ ਹੁੰਦੀ ਹੈ।

## ਸ਼ਬਦ ਨੰ: ੯੧

### ਆਸਾ ਮਹਲਾ ੫ ॥

ਕਾਇਆ ਬ੍ਰਹਮਾ ਮਨੁ ਹੈ ਧੋਤੀ॥ ਗਿਆਨ ਜਨੇਊ ਧਿਆਨੁ ਕੁਸਪਾਤੀ॥ ਹਰਿ ਨਾਮਾ ਜਸੁ ਜਾਚਉ ਨਾਉ ॥ ਗੁਰ ਪਰਸਾਦੀ ਬ੍ਰਹਮਿ ਸਮਾਉ ॥੧॥ ਪਾਂਡੇ ਐਸਾ ਬ੍ਰਹਮ ਬੀਚਾਰੁ ॥ ਨਾਮੇ ਸੁਚਿ ਨਾਮੋ ਪੜਉ ਨਾਮੇ ਚਜੁ ਆਚਾਰੁ ॥ ੧ ॥ ਰਹਾਉ॥ਬਾਹਰਿ ਜਨੇਊ ਜਿਚਰੁ ਜੋਤਿ ਹੈ ਨਾਲਿ॥ ਧੋਤੀ ਟਿਕਾ ਨਾਮੁ ਸਮਾਲਿ॥ ਐਥੈ ਓਥੈ ਨਿਬਹੀ ਨਾਲਿ ॥ ਵਿਣੁ ਨਾਵੈ ਹੋਰਿ ਕਰਮ ਨ ਭਾਲਿ ॥ ੨॥ ਪੂਜਾ ਪ੍ਰੇਮ ਮਾਇਆ ਪਰ ਜਾਲਿ॥ ਏਕੋ ਵੇਖਹੁ ਅਵਰੁ ਨ ਭਾਲਿ ॥ ਚੀਨੈ ਤਤੁ ਗਗਨ ਦਸ ਦੁਆਰ ॥ ਹਰਿ ਮੁਖਿ ਪਾਠ ਪੜੈ ਬੀਚਾਰ ॥੩॥ ਭੋਜਨੁ ਭਾਉ ਭਰਮੁ ਭਉ ਭਾਗੈ ॥ ਪਾਹਰੂਅਰਾ ਛਬਿ ਚੋਰੁ ਨ ਲਾਗੈ ॥ ਤਿਲਕੁ ਲਿਲਾਟਿ ਜਾਣੈ ਪ੍ਰਭੁ ਏਕੁ ॥ ਬੂਝੈ ਬ੍ਰਹਮੁ ਅੰਤਰਿ ਬਿਬੇਕੁ ॥ ੪ ॥ ਆਚਾਰੀ ਨਹੀ ਜੀਤਿਆ ਜਾਇ ॥ ਪਾਠ ਪੜੈ ਨਹੀ ਕੀਮਤਿ ਪਾਇ॥ ਅਸਟਦਸੀ ਚਹੁ ਭੇਦੁ ਨ ਪਾਇਆ॥ਨਾਨਕ ਸਤਿਗੁਰਿ ਬ੍ਰਹਮੁ ਦਿਖਾਇਆ ॥ ੫ ॥ ੨੦ ॥

Digitized by Panjab Digital Library / www.panjabdigilib.org

ਵਿਧੀ—ਇਸ ਸ਼ਬਦ ਦਾ ੨੧ ਹਜ਼ਾਰ ਪਾਠ ੨੧ ਦਿਨਾਂ ਵਿਚ ਕਰੇ। ਬਹੁਤ ਸਤਕਾਰ ਤੇ ਵਡਿਆਈ ਮਿਲੈ। ਰਾਜ ਦਰਬਾਰ ਵਿਚ ਉਚੀ ਪਦਵੀ ਪ੍ਰਾਪਤ ਹੋਵੇ। ਪਾਠ ਐਤਵਾਰ ਅੰਮ੍ਰਿਤ ਵੇਲੇ ਆਰੰਭ ਕਰਨਾ।

ਸ਼ਬਦ ਨੰ: ੯੨

ਸਲੋਕੁ।

ਖਾਤ ਖਰਚਤ ਬਿਲਛਤ ਰਹੇ ਟੂਟਿ ਨ ਜਾਹਿ ਭੰਡਾਰ ॥ ਹਰਿ ਹਰਿ ਜਪਤ ਅਨੇਕ ਜਨ ਨਾਨਕ ਨਾਹਿ ਸੁਮਾਰ ॥ ੧ ॥

ਵਿਧੀ—ਇਹ ਸਲੋਕ ੪੦ ਦਿਨ ੧੦੮ ਵਾਰ ਹਰ ਰੋਜ਼ ਜਪਣ ਨਾਲ ਬੇਅੰਤ ਧਨ ਪ੍ਰਾਪਤੀ ਹੁੰਦੀ ਹੈ। ਕਦੀ ਤੋਟ ਨਹੀਂ ਆਉਂਦੀ।

ਸ਼ਬਦ ਨੰ:,੯੩

ਆਸਾ ਮਹਲਾ ੫ ॥

ਸਾਚਿ ਨਾਮਿ ਮੇਰਾ ਮਨੁ ਲਾਗਾ ॥ ਲੋਗਨ ਸਿਉ ਮੇਰਾ ਠਾਠਾ ਬਾਗਾ ॥ ੧॥ ਬਾਹਰਿ ਸੂਤੁ ਸਗਲ ਸਿਉ ਮਉਲਾ ॥ ਅਲਿਪਤੁ ਰਹਉ ਜੈਸੇ ਜਲ ਮਹਿ ਕਉਲਾ ॥ ੧ ॥ ਰਹਾਉ ॥ ਮੁਖ ਕੀ ਬਾਤ ਸਗਲ ਸਿਉ ਕਰਤਾ। ਜੀਅ ਸੰਗਿ ਪ੍ਰਭੁ ਅਪੁਨਾ ਧਰਤਾ ॥੨॥ ਦੀਸਿ ਆਵਤ ਹੈ ਬਹੁਤ ਭੀਹਾਲਾ॥ ਸਗਲ ਚਰਨ ਕੀ ਇਹੁ ਮਨੁ ਰਾਲਾ ॥ ੩ ॥ ਨਾਨਕ ਜਨਿ ਗੁਰੁ ਪੂਰਾ ਪਾਇਆ ॥ ਅੰਤਰਿ ਬਾਹਰ ਏਕੁ ਦਿਖਾਇਆ ॥ ੪ ॥ ੩ ॥ ਪ੪ ॥

ਵਿਧੀ—ਇਹ ਸ਼ਬਦ ਐਤਵਾਰ ੪੦ ਦਿਨਾਂ ਵਿਚ ੨੦ ਹਜ਼ਾਰ ਜਪਣਾ। ਮਨ ਨਿਰਮਲ ਤੇ ਪਵਿੱਤਰ ਹੋਵੇ। ਗਿਆਨ, ਵੈਰਾਗ ਦੀ ਪ੍ਰਾਪਤੀ ਹੋਵੇ। ਪ੍ਰਭੂ ਦੀ ਭਗਤੀ ਨਾਲ ਪ੍ਰੇਮ ਉਤਪੰਨ ਹੋਵੇ।

Digitized by Panjab Digital Library / www.panjabdigilib.org

## ਸ਼ਬਦ ਨੰ: ੯੩

### ਸਵਯੇ ਸ੍ਰੀ ਮੁਖਵਾਕ ਮਹਲਾ ੫ ॥

ਗੁਣ ਸਮੂਹ ਫਲ ਸਗਲ ਮਨੋਰਥ ਪੂਰਨ ਹੋਈ ਆਸ ਹਮਾਰੀ ॥ ਅਉਖਧ ਮੰਤ੍ਰ ਤੰਤ੍ਰ ਪਰ ਦੁਖ ਹਰ ਸਰਬ ਰੋਗ ਖੰਡਣ ਗੁਣਕਾਰੀ॥ ਕਾਮ ਕ੍ਰੋਧ ਮਦ ਮਤਸਰ ਤ੍ਰਿਸਨਾ ਬਿਨਸਿ ਜਾਹਿ ਹਰਿ ਨਾਮ ਉਚਾਰੀ ॥ ਇਸਨਾਨ ਦਾਨ ਤਾਪਨ ਸੁਚਿ ਕਿਰਿਆ ਚਰਣ ਕਮਲ ਹਿਰਦੈ ਪ੍ਰਭ ਧਾਰੀ॥ ਸਾਜਨ ਮੀਤ ਸਖਾ ਹਰਿ ਬੰਧਪ ਜੀਅ ਧਾਨ ਪ੍ਰਭ ਪ੍ਰਾਨ ਅਧਾਰੀ॥ ਓਟ ਗਹੀ ਸੁਆਮੀ ਸਮਰਥਹ ਨਾਨਕ ਦਾਸ ਸਦਾ ਬਲਿਹਾਰੀ ॥ ੯ ॥

ਵਿਧੀ–ਇਸ ਸ਼ਬਦ ਨੂੰ ੪੧ ਦਿਨ ੧੦੯ ਵਾਰ ਹਰ ਰੋਜ਼ ਜਪਣਾ। ਸੋਮਵਾਰ ਤੋਂ ਪਾਠ ਆਰੰਭ ਕਰਨਾ। ਸਗਲ ਮਨੋਰਥ ਪੂਰਨ ਹੋਣਗੇ।

## ਸ਼ਬਦ ਨੰ: ੯੪

### ਆਸਾ ਮਹਲਾ ੫ ਛੰਤ ॥

ਮਿਲਉ ਸੰਤਨ ਕੈ ਸੰਗਿ ਮੋਹਿ ਉਧਾਰਿ ਲੇਹੁ॥ ਬਿਨਉ ਕਰਉ ਕਰ ਜੋੜਿ ਹਰਿ ਹਰਿ ਨਾਮੁ ਦੇਹੁ॥ ਹਰਿ ਨਾਮੁ ਮਾਗਉ ਚਰਣ ਲਾਗਉ ਮਾਨੁ ਤਿਆਗਉ ਤੁਮ ਦਇਆ॥ ਕਤਹੂ ਨ ਧਾਵਉ ਸਰਣਿ ਪਾਵਉ ਕਰੁਣਾ ਮੈ ਪ੍ਰਭ ਕਰਿ ਮਇਆ ॥ ਸਮਰਥ ਅਗਥ ਅਪਾਰ ਨਿਰਮਲ ਸੁਣਹੁ ਸੁਆਮੀ ਬਿਨਉ ਏਹੁ॥ ਕਰ ਜੋੜਿ ਨਾਨਕ ਦਾਨੁ ਮਾਗੈ ਜਨਮ ਮਰਣ ਨਿਵਾਰਿ ਲੇਹੁ॥ ੧ ॥

ਵਿਧੀ–ਇਸ ਸ਼ਬਦ ਨੂੰ ਅੰਮ੍ਰਿਤ ਵੇਲੇ ਕਿਸੇ ਸਰੋਵਰ ਜਾਂ ਨਦੀ ਦੇ ਕਿਨਾਰੇ ਤੇ ਬੈਠਕੇ ੪੧ ਦਿਨ ੧੦੯ ਵਾਰ ਰੋਜ਼ ਜਪਣਾ। ਇਸ ਸ਼ਬਦ ਦੀ ਬਰਕਤ ਨਾਲ ਜਨਮ ਮਰਨ ਤੋਂ ਛੁਟਕਾਰਾ ਹੋ ਜਾਂਦਾ ਹੈ ਤੇ ਮੁਕਤੀ ਪ੍ਰਾਪਤ ਹੁੰਦੀ ਹੈ।

Digitized by Panjab Digital Library / www.panjabdigilib.org

## ਸ਼ਬਦ ਨੰ: ੯੫

### ਸੋਰਠਿ ਮਹਲਾ ੫ ॥

ਸੁਨਹੁ ਬਿਨੰਤੀ ਠਾਕੁਰ ਮੇਰੇ ਜੀਅ ਜੰਤ ਤੇਰੇ ਧਾਰੇ ॥ ਰਾਖੁ ਪੈਜ ਨਾਮ ਅਪੁਨੇ ਕੀ ਕਰਨ ਕਰਾਵਨਹਾਰੇ ॥੧॥ ਪ੍ਰਭ ਜੀਉ ਖਸਮਾਨਾ ਕਰਿ ਪਿਆਰੇ॥ ਬੁਰੇ ਭਲੇ ਹਮ ਥਾਰੇ ॥ ਰਹਾਉ ॥ ਸੁਣੀ ਪੁਕਾਰ ਸਮਰਥ ਸੁਆਮੀ ਬੰਧਨ ਕਾਟਿ ਸਵਾਰੇ ॥ ਪਹਿਰਿ ਸਿਰਪਾਉ ਸੇਵਕ ਜਨ ਮੇਲੇ ਨਾਨਕ ਪ੍ਰਗਟ ਪਹਾਰੇ ॥ ੨ ॥

ਵਿਧੀ–ਇਸ ਸ਼ਬਦ ਨੂੰ ੪੧ ਦਿਨ ੧੦੯ ਵਾਰ ਹਰ ਰੋਜ਼ ਜਪਣ ਨਾਲ ਕੈਦ ਤੋਂ ਛੁਟਕਾਰਾ ਮਿਲਦਾ ਹੈ।ਹਰ ਪ੍ਰਕਾਰ ਦੇ ਬੰਧਨ ਦੂਰ ਹੋਜਾਂਦੇ ਹਨ।

## ਸ਼ਬਦ ਨੰ: ੯੬

### ਆਸਾ ਮਹਲਾ ੫ ॥

ਅਉਖਧੁ ਖਾਇਓ ਹਰਿ ਕੋ ਨਾਉ ॥ ਸੁਖ ਪਾਏ ਦੁਖ ਬਿਨਸਿਆ ਥਾਉ ॥ ੧॥ ਤਾਪੁ ਗਇਆ ਬਚਨਿ ਗੁਰ ਪੂਰੇ ॥ ਅਨਦੁ ਭਇਆ ਸਭਿ ਮਿਟੇ ਵਿਸੂਰੇ ॥ ੧ ॥ ਰਹਾਉ ॥ ਜੀਅ ਜੰਤ ਸਗਲ ਸੁਖੁ ਪਾਇਆ ॥ ਪਾਰਬ੍ਰਹਮੁ ਨਾਨਕ ਮਨਿ ਧਿਆਇਆ ॥ ੨ ॥

ਵਿਧੀ–ਇਹ ਸ਼ਬਦ ੪੦ ਵਾਰੀ ਸਵਾ ਮਹੀਨਾ ਹਰ ਰੋਜ਼ ਜਪੇ ਤਾਂ ਸਭ ਰੁਤਾਂ ਦੇ ਤਾਪ ਆਦਿ ਬਿਆਧੀਆਂ ਨਾਸ ਹੋਵਣ।

## ਸ਼ਬਦ ਨੰ: ੯੭

### ਸੋਰਠਿ ਮਹਲਾ ੫ ॥

ਮੇਰਾ ਸਤਿਗੁਰੁ ਰਖਵਾਲਾ ਹੋਆ ॥ ਧਾਰਿ ਕ੍ਰਿਪਾ ਪ੍ਰਭ ਹਾਥ ਦੇ ਰਾਖਿਆ ਹਰਿਗੋਵਿਦੁ ਨਵਾ ਨਿਰੋਆ ॥ ੧ ॥ ਰਹਾਉ ॥ ਤਾਪੁ ਗਇਆ ਪ੍ਰਭਿ ਆਪਿ ਮਿਟਾਇਆ ਜਨ ਕੀ ਲਾਜ ਰਖਾਈ ॥ ਸਾਧ ਸੰਗਤਿ ਤੇ ਸਭ ਫਲ ਪਾਏ ਸਤਿਗੁਰ ਕੈ ਬਲਿ ਜਾਂਈ ॥ ੧ ॥ ਹਲਤੁ ਪਲਤੁ ਪ੍ਰਭ ਦੋਵੈ ਸਵਾਰੇ ਹਮਰਾ ਗੁਣੁ

Digitized by Panjab Digital Library | www.panjabdigilib.org

ਅਵਗੁਣੁ ਨ ਬੀਚਾਰਿਆ ॥ ਅਟਲ ਬਚਨ ਨਾਨਕ ਗੁਰ ਤੇਰਾ ਸਫਲ ਕਰਿ ਮਸਤਕਿ ਧਾਰਿਆ ॥ ੨ ॥

ਵਿਧੀ–ਇਸ ਸ਼ਬਦ ਦਾ ਹਰ ਰੋਜ਼ ੨੧ ਵਾਰ ਪਾਠ ਕਰਨ ਨਾਲ ਦੁਖ ਰੋਗ ਅਤੇ ਕਸ਼ਟ ਨਵਿਰਤ ਹੋਵਣ ਤੇ ਸਾਰੇ ਕਾਰਜ ਸਫਲ ਹੋਵਣ।

## ਸ਼ਬਦ ਨੰ. ੯੮

### ਬਿਲਾਵਲੁ ਮਹਲਾ ੫ ॥

ਰਾਖਿ ਲੀਏ ਸਤਿਗੁਰ ਕੀ ਸਰਣ ॥ ਜੈ ਜੈਕਾਰੁ ਹੋਆ ਜਗ ਅੰਤਰਿ ਪਾਰਬ੍ਰਹਮ ਮੇਰੋ ਤਾਰਣ ਤਰਣ ॥ ੧ ॥ ਰਹਾਉ ॥ ਬਿਸ੍ੰਭਰ ਪੂਰਨ ਸੁਖਦਾਤਾ ਸਗਲ ਸਮਗ੍ਰੀ ਪੋਖਣ ਭਰਣ॥ ਥਾਨ ਥਨੰਤਰਿ ਸਰਬ ਨਿਰੰਤਰਿ ਬਲਿ ਬਲਿ ਜਾਈ ਹਰਿ ਕੇ ਚਰਨ ॥ ੧ ॥ ਜੀਅ ਜੁਗਤਿ ਵਸਿ ਮੇਰੇ ਸੁਆਮੀ ਸਰਬ ਸਿਧਿ ਤੁਮ ਕਾਰਣ ਕਰਣ ॥ ਆਦਿ ਜੁਗਾਦਿ ਪ੍ਰਭੁ ਰਖਦਾ ਆਇਆ ਹਰਿ ਸਿਮਰਤ ਨਾਨਕ ਨਹੀ ਡਰਣ ॥ ੨ ॥ ੩੦ ॥

ਵਿਧੀ–ਇਸ ਸ਼ਬਦ ਹਰ ਰੋਜ਼ ੪੦ ਵਾਰੀ ਜਪਣ ਨਾਲ ਸੰਸਾਰ ਵਿਚ ਜਸ ਕੀਰਤੀ ਹੋਵੇ ਤੇ ਰਾਜ ਦਰਬਾਰ ਵਿਚ ਇਜ਼ਤ ਪ੍ਰਾਪਤ ਹੋਵੇ।

## ਸ਼ਬਦ ਨੰਃ ੯੯

### ਰਾਗੁ ਸੂਹੀ ਮਹਲਾ ੧ ਛੰਤ ਘਰੁ ੨

ੴ ਸਤਿਗੁਰ ਪ੍ਰਸਾਦਿ ॥

ਹਮ ਘਰਿ ਸਾਜਨ ਆਏ ॥ ਸਾਚੈ ਮੇਲਿ ਮਿਲਾਏ ॥ ਸਹਜਿ ਮਿਲਾਏ ਹਰਿ ਮਨਿ ਭਾਏ ਪੰਚ ਮਿਲੇ ਸੁਖੁ ਪਾਇਆ ॥ ਸਾਈ ਵਸਤੁ ਪਰਾਪਤਿ ਹੋਈ ਜਿਸੁ ਸੇਤੀ ਮਨੁ ਲਾਇਆ ॥ ਅਨਦਿਨੁ ਮੇਲੁ ਭਇਆ ਮਨੁ ਮਾਨਿਆ ਘਰ ਮੰਦਰ ਸੋਹਾਏ॥ ਪੰਚ ਸਬਦ ਧੁਨਿ ਅਨਹਦ ਵਾਜੇ ਹਮ ਘਰਿ ਸਾਜਨ ਆਏ॥੧॥

ਵਿਧੀ–ਇਸ ਸ਼ਬਦ ਦਾ ੪੦ ਦਿਨ ਹਰ ਰੋਜ਼ ੧੦੯ ਵਾਰ ਪਾਠ ਕਰਨ

Digitized by Panjab Digital Library / www.panjabdigilib.org

ਨਾਲ ਨਵੇਂ ਵਸਾਏ ਘਰ ਵਿਚ ਪ੍ਰਿਵਾਰ ਸਮੇਤ ਵਸਣ ਨਾਲ ਸੁਖ ਪ੍ਰਾਪਤ ਹੁੰਦਾ ਹੈ, ਮਨਇਛਤ ਪਦਾਰਥ ਮਿਲਦੇ ਹਨ ਤੇ ਵਿਛੜੇ ਸਜਣਾ ਦਾ ਮਿਲਾਪ ਹੁੰਦਾ ਹੈ।

### ਸ਼ਬਦ ਨੰ: ੧੦੦

### ਆਸਾ ਮਹਲਾ ੫ ॥

ਘਰਿ ਮਹਿ ਸੂਖ ਬਾਹਰਿ ਫੁਨਿ ਸੂਖਾ ॥ ਹਰਿ ਸਿਮਰਤ ਸਗਲ ਬਿਨਾਸੇ ਦੂਖਾ ॥੧॥ ਸਗਲ ਸੂਖ ਜਾ ਤੂੰ ਚਿਤਿ ਆਵੈ ॥ ਸੋ ਨਾਮੁ ਜਪੈ ਜੋ ਜਨੁ ਤੁਧੁ ਭਾਵੈ ॥੧॥ ਰਹਾਉ ॥ ਤਨੁ ਮਨੁ ਸੀਤਲੁ ਜਪਿ ਨਾਮੁ ਤੇਰਾ॥ ਹਰਿ ਹਰਿ ਜਪਤ ਢਹੈ ਦੁਖ ਡੇਰਾ ॥ ੨ ॥ ਹੁਕਮੁ ਬੂਝੈ ਸੋਈ ਪਰਵਾਨੁ ॥ ਸਾਚੁ ਸਬਦੁ ਜਾਕਾ ਨੀਸਾਣੁ ॥ ੩ ॥ ਗੁਰਿ ਪੂਰੈ ਹਰਿ ਨਾਮੁ ਦ੍ਰਿੜਾਇਆ ॥ ਭਨਤਿ ਨਾਨਕੁ ਮੇਰੈ ਮਨਿ ਸੁਖੁ ਪਾਇਆ ॥ ੪ ॥ ੮ ॥ ੯੫ ॥

ਵਿਧੀ—ਵਣਜ ਵਿਹਾਰ ਜਾਂ ਸੈਰ ਆਦਿ ਲਈ ਬਦੇਸ਼ਾ ਨੂੰ ਜਾਣ ਸਮੇਂ ਰਖਿਆ ਲਈ ਇਸ ਸ਼ਬਦ ਨੂੰ ਹਰ ਰੋਜ਼ ੪੦ ਵਾਰ ਪੜ੍ਹੋ ਤਾ ਯਾਤਰਾ ਨਿਰਵਿਘਨ ਸਮਾਪਤ ਹੋਵੇ।

### ਸ਼ਬਦ ਨੰ: ੧੦੧

### ਜੈਤਸਰੀ ਮਹਲਾ ੫ ॥

ਹਰਿ ਜਨ ਸਿਮਰਹੁ ਹਿਰਦੈ ਰਾਮ ॥ ਹਰਿ ਜਨ ਕਉ ਅਪਦਾ ਨਿਕਟਿ ਨ ਆਵੈ ਪੂਰਨ ਦਾਸ ਕੇ ਕਾਮ ॥੧॥ ਰਹਾਉ॥ ਕੋਟਿ ਬਿਘਨ ਬਿਨਸਹਿ ਹਰਿ ਸੇਵਾ ਨਿਹਚਲੁ ਗੋਵਿਦ ਧਾਮ॥ ਭਗਵੰਤ ਭਗਤ ਕਉ ਭਉ ਕਿਛੁ ਨਾਹੀ ਆਦਰੁ ਦੇਵਤ ਜਾਮ ॥ ੧ ॥ ਤਜਿ ਗੋਪਾਲ ਆਨ ਜੋ ਕਰਣੀ ਸੋਈ ਸੋਈ ਬਿਨਸਤ ਖਾਮ॥ ਚਰਨ ਕਮਲ ਹਿਰਦੈ ਗਹੁ ਨਾਨਕ ਸੁਖ ਸਮੂਹ ਬਿਸਰਾਮ॥੨॥੯॥੧੩॥

ਵਿਧੀ—ਇਹ ਸ਼ਬਦ ਹਰ ਰੋਜ਼ ਨੇਮ ਨਾਲ ਇਕੋਤ੍ਰ ਸੌ ਦਿਨ ੪੦ ਵਾਰ ਜਪਣ ਨਾਲ ਵਾਹਿਗੁਰੂ ਦਾ ਹਿਰਦੇ ਵਿਚ ਨਿਵਾਸ ਹੁੰਦਾ ਹੈ ਤੇ ਅਪਦਾ ਨਵਿਰਤ ਹੋ ਕੇ ਸਭ ਕਾਰਜ ਰਾਸ ਹੁੰਦੇ ਹਨ।

Digitized by Panjab Digital Library / www.panjabdigilib.org

## ਸ਼ਬਦ ਨੰ: ੧੦੨

### ਗਉੜੀ ਸੁਖਮਨੀ ਮਹਲਾ ੫ ॥

ਤੂ ਠਾਕੁਰ ਤੁਮ ਪਹਿ ਅਰਦਾਸਿ ॥ ਜੀਉ ਪਿੰਡੁ ਸਭੁ ਤੇਰੀ ਰਾਸਿ ॥ ਤੁਮ ਮਾਤ ਪਿਤਾ ਹਮ ਬਾਰਿਕ ਤੇਰੇ। ਤੁਮਰੀ ਕ੍ਰਿਪਾ ਮਹਿ ਸੂਖ ਘਨੇਰੇ ॥ ਕੋਇ ਨ ਜਾਨੈ ਤੁਮਰਾ ਅੰਤੁ ॥ ਊਚੇ ਤੇ ਊਚਾ ਭਗਵੰਤ ॥ ਸਗਲ ਸਮਗ੍ਰੀ ਤੁਮਰੈ ਸੂਤ੍ਰਿ ਧਾਰੀ॥ ਤੁਮ ਤੇ ਹੋਇ ਸੁ ਆਗਿਆਕਾਰੀ॥ ਤੁਮਰੀ ਗਤਿ ਮਿਤਿ ਤੁਮ ਹੀ ਜਾਨੀ॥ ਨਾਨਕ ਦਾਸ ਸਦਾ ਕੁਰਬਾਨੀ ॥ ੮ ॥ ੪ ॥

ਵਿਧੀ–ਇਸ ਪਉੜੀ ਦਾ ਇਕ ਸੌ ਅੱਠ ਦਿਨ ਹਰ ਰੋਜ਼ ਇਕ ਸੌ ਅੱਠ ਵਾਰ ਪਾਠ ਕਰਨ ਨਾਲ ਸਤਿਗੁਰੂ ਜੀਦੀ ਪ੍ਰਸੰਨਤਾ ਪ੍ਰਾਪਤ ਹੁੰਦੀ ਹੈਤੇਅਨੇਕਾਂ ਵਿਘਨਾਂ ਦੀ ਨਿਵਿਰਤੀ ਹੁੰਦੀ ਹੈ।

## ਸ਼ਬਦ ਨੰ: ੧੦੩

### ਭੈਰਉ ਮਹਲਾ ੫ ॥

ਊਠਤ ਸੁਖੀਆ ਬੈਠਤ ਸੁਖੀਆ॥ ਭਉ ਨਹੀ ਲਾਗੈ ਜਾ ਐਸੇ ਬੁਝੀਆ॥ ੧ ॥ ਰਾਖਾ ਏਕੁ ਹਮਾਰਾ ਸੁਆਮੀ ॥ ਸਗਲ ਘਟਾ ਕਾ ਅੰਤਰਜਾਮੀ ॥ ੧ ॥ ਰਹਾਉ ॥ ਸੋਇ ਅਚਿੰਤਾ ਜਾਗਿ ਅਚਿੰਤਾ ॥ ਜਹਾ ਕਹਾਂ ਪ੍ਰਭੁ ਤੂੰ ਵਰਤੰਤਾ॥ ੨॥ ਘਰਿ ਸੁਖਿ ਵਸਿਆ ਬਾਹਰਿ ਸੁਖੁ ਪਾਇਆ ॥ ਕਹੁ ਨਾਨਕ ਗੁਰ ਮੰਤ੍ਰੁ ਦ੍ਰਿੜਾਇਆ ॥ ੩ ॥

ਵਿਧੀ–ਇਹ ਸ਼ਬਦ ਇਕੱਤ੍ਰ ਸੋ ਦਿਨ ਹਰ ਰੋਜ਼ ੧੦੯ ਵਾਰ ਜਪਣ ਨਾਲ ਸਭ ਤਰ੍ਹਾਂ ਦੇ ਡਰ ਭਉ ਦੂਰ ਹੁੰਦੇ ਹਨ ਤੇ ਸੁਖ ਪ੍ਰਾਪਤ ਹੁੰਦੇ ਹਨ।

## ਸ਼ਬਦ ਨੰ: ੧੦੪

### ਜੈਤਸਰੀ ਮਹਲਾ ੫ ॥

ਆਏ ਅਨਿਕ ਜਨਮ ਭ੍ਰਮਿ ਸਰਣੀ॥ ਉਧਰੁ ਦੇਹ ਅੰਧਕੂਪ ਤੇ ਲਾਵਹੁ

Digitized by Panjab Digital Library / www.panjabdigilib.org

ਅਪੁਨੀ ਚਰਣੀ ॥ ੧ ॥ ਰਹਾਉ ॥ ਗਿਆਨੁ ਧਿਆਨੁ ਕਿਛੁ ਕਰਮੁ ਨ ਜਾਣਾ ਨਾਹਿਨ ਨਿਰਮਲ ਕਰਣੀ ॥ ਸਾਧ ਸੰਗਤਿ ਕੈ ਅੰਚਲਿ ਲਾਵਹੁ ਬਿਖਮ ਨਦੀ ਜਾਇ ਤਰਣੀ ॥ ੧ ॥ ਸੁਖ ਸੰਪਤਿ ਮਾਇਆ ਰਸ ਮੀਠੇ ਇਹ ਨਹੀ ਮਨ ਮਹਿ ਧਰਣੀ ॥ ਹਰਿ ਦਰਸਨ ਤ੍ਰਿਪਤਿ ਨਾਨਕ ਦਾਸ ਪਾਵਤ ਹਰਿ ਨਾਮ ਰੰਗ ਆਭਰਣੀ ॥ ੨ ॥ ੮ ॥ ੧੨ ॥

ਵਿਧੀ–ਇਸ ਸ਼ਬਦ ਨੂੰ ੪੦ ਦਿਨ ਹਰ ਰੋਜ਼ ਇਕ ਸੌ ਅੱਠ ਵਾਰ ਜਪਣ ਨਾਲ ਭਲੇ ਪੁਰਸ਼ਾਂ ਦੀ ਸੰਗਤ ਪ੍ਰਾਪਤ ਹੁੰਦੀ ਹੈ ਤੇ ਘਰ ਵਿਚੋਂ ਸਭ ਸੰਕਟ ਦੂਰ ਹੋ ਕੇ ਸੁਖਾਂ ਦਾ ਪ੍ਰਵੇਸ਼ ਹੁੰਦਾ ਹੈ।

## ਸ਼ਬਦ ਨੰ: ੧੦੫

### ਗਉੜੀ ਸੁਖਮਨੀ ਮਹਲਾ ੫ ॥

ਚਾਰਿ ਪਦਾਰਥ ਜੇ ਕੋ ਮਾਗੈ ॥ ਸਾਧ ਜਨਾ ਕੀ ਸੇਵਾ ਲਾਗੈ ॥ ਜੇ ਕੋ ਅਪੁਨਾ ਦੂਖੁ ਮਿਟਾਵੈ ॥ ਹਰਿ ਹਰਿ ਨਾਮੁ ਰਿਦੈ ਸਦ ਗਾਵੈ ॥ ਜੇ ਕੋ ਅਪੁਨੀ ਸੋਭਾ ਲੋਰੈ ॥ ਸਾਧ ਸੰਗਿ ਇਹ ਹਉਮੈ ਛੋਰੈ ॥ ਜੇ ਕੋ ਜਨਮ ਮਰਣ ਤੇ ਡਰੈ ॥ ਸਾਧ ਜਨਾ ਕੀ ਸਰਨੀ ਪਰੈ॥ ਜਿਸੁ ਜਨ ਕਉ ਪ੍ਰਭ ਦਰਸ ਪਿਆਸਾ॥ ਨਾਨਕ ਤਾਕੈ ਬਲਿ ਬਲਿ ਜਾਸਾ ॥ ੫ ॥

ਵਿਧੀ–ਇਹ ਸ਼ਬਦ ੬੦ ਦਿਨ ਹਰ ਰੋਜ਼ ੪੦ ਵਾਰ ਜਪਣ ਨਾਲ ਧਰਮ ਅਰਥ, ਕਾਮ ਤੇ ਮੋਖ (ਚਾਰ ਪਦਾਰਥਾਂ) ਦੀ ਪ੍ਰਾਪਤੀ ਹੁੰਦੀ ਹੈ। ਦੁਨੀਆਂ ਵਿਚ ਸੋਭਾ ਹੁੰਦੀ ਹੈ।

## ਸ਼ਬਦ ਨੰ: ੧੦੬

### ਗੋਂਡ ਮਹਲਾ ੫ ॥

ਨਾਮੁ ਨਿਰੰਜਨੁ ਨੀਰਿ ਨਾਰਾਇਨ ॥ ਰਸਨਾ ਸਿਮਰਤ ਪਾਪ ਬਿਲਾਇਣ ॥ ੧ ॥ ਰਹਾਉ ॥ ਨਾਰਾਇਣ ਸਭ ਮਾਹਿ ਨਿਵਾਸ ॥ ਨਾਰਾਇਣ ਘਟਿ ਘਟਿ ਪਰਗਾਸ ॥ ਨਾਰਾਇਣ ਕਹਤੇ ਨਰਕਿ ਨ ਜਾਹਿ ॥ ਨਾਰਾਇਣ

Digitized by Panjab Digital Library | www.panjabdigilib.org

ਸੇਵਿ ਸਗਲ ਫਲ ਪਾਹਿ ॥੧॥ ਨਾਰਾਇਣ ਮਨ ਮਾਹਿ ਅਧਾਰ ॥ ਨਰਾਇਣ ਬੋਹਿਥ ਸੰਸਾਰ ॥ ਨਰਾਇਣ ਕਹਤ ਜਮੁ ਭਾਗਿ ਪਲਾਇਣ ॥ ਨਰਾਇਣ ਦੰਤ ਭਾਨੇ ਡਾਇਣ ॥ ੨ ॥ ਨਾਰਾਇਣ ਸਦ ਸਦ ਬਖਸਿੰਦ ॥ ਨਾਰਾਇਣ ਕੀਨੇ ਸੂਖ ਅਨੰਦ ॥ ਨਰਾਇਨ ਪ੍ਰਗਟ ਕੀਨੋ ਪਰਤਾਪ ॥ ਨਾਰਾਇਣ ਸੰਤ ਕੋ ਮਾਈ ਬਾਪ ॥੩॥ ਨਾਰਾਇਣ ਸਾਧ ਸੰਗਿ ਨਰਾਇਣ ॥ ਬਾਰੰਬਾਰ ਨਰਾਇਣ ਗਾਇਣ ॥ ਬਸਤੁ ਅਗੋਚਰ ਗੁਰ ਮਿਲਿ ਲਹੀ ॥ ਨਾਰਾਇਣ ਓਟ ਨਾਨਕ ਦਾਸ ਗਹੀ ॥ ੪ ॥ ੭ ॥ ੯ ॥

ਵਿਧੀ—ਇਸ ਸ਼ਬਦ ਦਾ ੫੦ ਦਿਨ ਹਰ ਰੋਜ਼ ੪੦ ਪਾਠ ਕਰਨ ਨਾਲ ਭੂਤ, ਪ੍ਰੇਤ, ਡੈਣ ਆਦਿ ਦੀ ਛਾਇਆ ਤੇ ਡਰ ਦੂਰ ਹੁੰਦਾ ਹੈ ਤੇ ਸਭ ਮਾਨਸਕ ਰੋਗ ਨਾਸ ਹੋ ਜਾਂਦੇ ਹਨ।

### ਸ਼ਬਦ ਨੰ: ੧੦੭

### ਸੂਹੀ ਮਹਲਾ ੫ ॥

ਜਿਨ ਕੈ ਅੰਤਰਿ ਵਸਿਆ ਮੇਰਾ ਹਰਿ ਹਰਿ ਤਿਨ ਕੇ ਸਭਿ ਰੋਗ ਗਵਾਏ॥ ਤੇ ਮੁਕਤ ਭਏ ਜਿਨ ਹਰਿ ਨਾਮੁ ਧਿਆਇਆ ਤਿਨ ਪਵਿਤੁ ਪਰਮ ਪਦੁ ਪਾਏ॥ ੧॥ ਮੇਰੇ ਰਾਮ ਹਰਿ ਜਨ ਆਰੋਗ ਭਏ ॥ ਗੁਰ ਬਚਨੀ ਜਿਨਾ ਜਪਿਆ ਮੇਰਾ ਹਰਿ ਹਰਿ ਤਿਨ ਕੇ ਹਉਮੈ ਰੋਗ ਗਏ ॥੧॥ ਰਹਾਉ॥ ਬ੍ਰਹਮਾ ਬਿਸਨੁ ਮਹਾਦੇਉ ਤ੍ਰੈਗੁਣ ਰੋਗੀ ਵਿਚਿ ਹਉਮੈ ਕਾਰ ਕਮਾਈ ॥ ਜਿਨਿ ਕੀਏ ਤਿਸਹਿ ਨ ਚੇਤਹਿ ਬਪੁੜੇ ਹਰਿ ਗੁਰਮੁਖਿ ਸੋਝੀ ਪਾਈ ॥੨॥ ਹਉਮੈ ਰੋਗਿ ਸਭੁ ਜਗਤੁ ਬਿਆਪਿਆ ਤਿਨ ਕਉ ਜਨਮ ਮਰਣ ਦੁਖੁ ਭਾਰੀ॥ ਗੁਰ ਪਰਸਾਦੀ ਕੋ ਵਿਰਲਾ ਛੂਟੈ ਤਿਸੁ ਜਨ ਕਉ ਹਉ ਬਲਿਹਾਰੀ ॥ ੩ ॥ ਜਿਨਿ ਸਿਸਟਿ ਸਾਜੀ ਸੋਈ ਹਰਿ ਜਾਣੈ ਤਾਕਾ ਰੂਪੁ ਅਪਾਰੋ ॥ ਨਾਨਕ ਆਪੇ ਵੇਖਿ ਹਰਿ ਬਿਗਸੈ ਗੁਰਮੁਖਿ ਬ੍ਰਹਮ ਬੀਚਾਰੋ ॥ ੪ ॥ ੩ ॥ ੧੪ ॥

ਵਿਧੀ—ਇਸ ਸ਼ਬਦ ਦਾ ੪੧ ਦਿਨ ਇਕ ਸੌ ਅੱਠ ਵਾਰੀ ਪਾਠ ਹਰ ਰੋਜ਼ ਕਰਨ ਨਾਲ ਤੇ ਅੰਮ੍ਰਿਤਸਰ ਸਰੋਵਰ ਵਿਚ ਦੁਖਭੰਜਨੀ ਬੇਰੀ ਹੇਠ ਇਸ਼ਨਾਨ

Digitized by Panjab Digital Library | www.panjabdigilib.org

ਕਰਨ ਨਾਲ ਕੋਹੜ ਰੋਗ ਤੇ ਫੁਲਬਹਿਰੀ ਰੋਗ ਦੂਰ ਹੋਵੇ ਤੇ ਦੇਹ ਅਰੋਗ ਹੋਵੇ।

## ਸ਼ਬਦ ਨੰ: ੧੦੮

ਰਾਗੁ ਆਸਾ ਮਹਲਾ ੫ ਛੰਤੁ ਘਰੁ ੧

ਨਵਨਿਧੇ ਨਉਨਿਧੇ ਮੇਰੇ ਘਰਿ ਮਹਿ ਆਈ ਰਾਮ ॥ ਸਭੁ ਕਿਛੁ ਮੈ ਸਭੁ ਕਿਛੁ ਪਾਇਆ ਨਾਮੁ ਧਿਆਈ ਰਾਮ ॥ ਨਾਮੁ ਧਿਆਈ ਸਦਾ ਸਖਾਈ ਸਹਜ ਸੁਭਾਈ ਗੋਵਿੰਦਾ॥ ਗਣਤ ਮਿਟਾਈ ਚੂਕੀ ਧਾਈ ਕਦੇ ਨ ਵਿਆਪੈ ਮਨ ਚਿੰਦਾ॥ ਗੋਵਿੰਦ ਗਾਜੇ ਅਨਹਦ ਵਾਜੇ ਅਚਰਜ ਸੋਭ ਬਣਾਈ॥ ਕਹੁ ਨਾਨਕ ਪਿਰੁ ਮੇਰੈ ਸੰਗੇ ਤਾਂ ਮੈ ਨਵਨਿਧਿ ਪਾਈ ॥ ੩ ॥

ਵਿਧੀ–ਇਸ ਸ਼ਬਦ ਦਾ ਚਾਲੀ ਦਿਨ ਰੋਜ਼ਾਨਾ ੪੦ ਪਾਠ ਕਰਨ ਨਾਲ ਸਭ ਸੁਖਾਂ ਦੀ ਪ੍ਰਾਪਤੀ ਹੁੰਦੀ ਹੈ ਤੇ ਨੌਨਿਧਾਂ ਤੇ ਅਠਾਰਾਂ ਸਿਧਾਂ ਮਿਲਦੀਆਂ ਹਨ।

## ਸ਼ਬਦ ਨੰ: ੧੦੯

ਸੋਰਠਿ ਮਹਲਾ ੫ ॥

ਸੂਖ ਮੰਗਲ ਕਲਿਆਣ ਸਹਜ ਧੁਨਿ ਪ੍ਰਭ ਕੇ ਚਰਨ ਨਿਹਾਰਿਆ ॥ ਰਾਖਨਹਾਰੈ ਰਾਖਿਓ ਬਾਰਿਕ ਸਤਿਗੁਰਿ ਤਾਪੁ ਉਤਾਰਿਆ ॥੧॥ ਉਬਰੇ ਸਤਿਗੁਰ ਕੀ ਸਰਣਾਈ ॥ ਜਾ ਕੀ ਸੇਵ ਨ ਬਿਰਥੀ ਜਾਈ ॥ ਰਹਾਉ ॥ ਘਰਿ ਮਹਿ ਸੂਖ ਬਾਹਰਿ ਫੁਨਿ ਸੂਖਾ ਪ੍ਰਭ ਅਪੁਨੇ ਭਏ ਦਇਆਲਾ॥ ਨਾਨਕ ਬਿਘਨੁ ਨ ਲਾਗੈ ਕੋਊ ਮੇਰਾ ਪ੍ਰਭੁ ਹੋਆ ਕਿਰਪਾਲਾ ॥੨॥੧੨॥੪੦॥

ਵਿਧੀ–ਇਸ ਸ਼ਬਦ ਨੂੰ ਬੱਚੇ ਦੀ ਅਰੋਗਤਾ ਪ੍ਰਾਪਤ ਕਰਨ ਵਾਸਤੇ ੪੦ ਦਿਨ ਹਰ ਰੋਜ਼ ੫੧ ਵਾਰ ਪੜ੍ਹੇ, ਬੱਚਾ ਤੰਦਰੁਸਤ ਹੋਵੇ। ਇਸ ਸ਼ਬਦ ਨਾਲ ਮੰਤਰਿਆ ਜਲ ਬੱਚੇ ਤੇ ਛਿੜਕੇ ਤਾਂ ਸੁੱਕਾ ਬੱਚਾ ਹਰਿਆ ਹੋਵੇ।

## ਸ਼ਬਦ ਨੰ. ੧੧੦

ਮਾਝ ਮਹਲਾ ੫ ॥

ਪਾਰਬ੍ਰਹਮਿ ਪ੍ਰਭਿ ਮੇਘੁ ਪਠਾਇਆ ॥ ਜਲਿ ਥਲਿ ਮਹੀਅਲਿ

Digitized by Panjab Digital Library | www.panjabdigilib.org

ਦਹਦਿਸਿ ਵਰਸਾਇਆ ॥ ਸਾਂਤਿ ਭਈ ਬੁਝੀ ਸਭ ਤ੍ਰਿਸਨਾ ਅਨਦੁ ਭਇਆ ਸਭ ਠਾਈ ਜੀਉ ॥ ੧ ॥ ਸੁਖਦਾਤਾ ਦੁਖ ਭੰਜਨਹਾਰਾ ॥ ਆਪੇ ਬਖਸਿ ਕਰੇ ਜੀਅ ਸਾਰਾ॥ ਅਪਨੇ ਕੀਤੇ ਨੋ ਆਪਿ ਪ੍ਰਤਿਪਾਲੇ ਪਇ ਪੈਰੀ ਤਿਸਹਿ ਮਨਾਈਜੀਉ॥ ੨॥ ਜਾਕੀ ਸਰਣਿ ਪਇਆ ਗਤਿ ਪਾਈਐ ॥ ਸਾਸਿ ਸਾਸਿ ਹਰਿ ਨਾਮੁ ਧਿਆਈਐ॥ ਤਿਸੁ ਬਿਨੁ ਹੋਰੁ ਨ ਦੂਜਾ ਠਾਕੁਰਸਭ ਤਿਸੈ ਕੀਆ ਜਾਈ ਜੀਉ॥ ੩॥ ਤੇਰਾ ਮਾਣ ਤਾਣ ਪ੍ਰਭ ਤੇਰਾ ॥ ਤੂੰ ਸਚਾ ਸਾਹਿਬੁ ਗੁਣੀ ਗਹੇਰਾ ॥ ਨਾਨਕੁ ਦਾਸੁ ਕਹੈ ਬੇਨੰਤੀ ਆਠ ਪਹਰ ਤੁਧੁ ਧਿਆਈ ਜੀਉ ॥੪॥੩੪॥੪੧॥

ਵਿਧੀ—ਇਹ ਸ਼ਬਦ ਚਾਲੀ ਦਿਨ ੧੦੮ ਵਾਰ ਹਰਰੋਜ਼ ਜਪਣ ਨਾਲ ਔੜ ਦਾ ਸੰਕਟ ਨਵਿਰਤ ਹੋਵੇ ਤੇ ਧਰਤੀ ਜਲ ਨਾਲ ਭਰਪੂਰ ਹੋਵੇ ਤੇ ਬੇਅੰਤ ਅਨਾਜ ਪੈਦਾ ਹੋਵੇ। ਸਮੇਂ ਸਿਰ ਵਰਖਾ ਹੋਵੇ।

## ਸ਼ਬਦ ਨੰ: ੧੧੧

### ਸੂਹੀ ਮਹਲਾ ੫ ॥

ਜਿਸ ਕੇ ਸਿਰ ਊਪਰਿ ਤੂੰ ਸੁਆਮੀ ਸੋ ਦੁਖੁ ਕੈਸਾ ਪਾਵੈ ॥ ਬੋਲਿ ਨ ਜਾਣੈ ਮਾਇਆ ਮਦਿ ਮਾਤਾ ਮਰਣਾ ਚੀਤਿ ਨ ਆਵੈ ॥੧॥ ਮੇਰੇ ਰਾਮ ਰਾਇ ਤੂੰ ਸੰਤਾ ਕਾ ਸੰਤ ਤੇਰੇ ॥ ਤੇਰੇ ਸੇਵਕ ਕਉ ਭਉ ਕਿਛੁ ਨਾਹੀ ਜਮੁ ਨਹੀ ਆਵੈ ਨੇਰੇ॥੧॥ ਰਹਾਉ ॥ ਜੋ ਤੇਰੈ ਰੰਗਿ ਰਾਤੇ ਸੁਆਮੀ ਤਿਨ ਕਾ ਜਨਮ ਮਰਣ ਦੁਖੁ ਨਾਸਾ ॥ ਤੇਰੀ ਬਖਸ ਨ ਮੇਟੈ ਕੋਈ ਸਤਿਗੁਰ ਕਾ ਦਿਲਾਸਾ ॥ ੨ ॥ ਨਾਮੁ ਧਿਆਇਨਿ ਸੁਖ ਫਲ ਪਾਇਨਿ ਆਠ ਪਹਰ ਆਰਾਧਹਿ॥ਤੇਰੀ ਸਰਣਿ ਤੇਰੈ ਭਰਵਾਸੈ ਪੰਚ ਦੁਸਟ ਲੈ ਸਾਧਹਿ ॥ ੩ ॥ ਗਿਆਨੁ ਧਿਆਨੁ ਕਿਛੁ ਕਰਮੁ ਨ ਜਾਣਾ ਸਾਰ ਨ ਜਾਣਾ ਤੇਰੀ ॥ ਸਭ ਤੇ ਵਡਾ ਸਤਿਗੁਰੁ ਨਾਨਕੁ ਜਿਨਿ ਕਲ ਰਾਖੀ ਮੇਰੀ ॥ ੪ ॥ ੧੦ ॥ ੫੭ ॥

ਵਿਧੀ—ਇਸ ਸ਼ਬਦ ਦਾ ਸਵਾ ਮਹੀਨਾ ਹਰ ਰੋਜ਼ ੪੦ ਪਾਠ ਕਰਨ ਨਾਲ ਹਰ ਪ੍ਰਕਾਰ ਦਾ ਸਾਇਆ ਸਪਾਇਆ ਦੂਰ ਹੋ ਜਾਂਦਾ ਹੈ ਤੇ ਦੁਖਾਂ ਤੋਂ ਛੁਟਕਾਰਾ ਹੋ ਜਾਂਦਾ ਹੈ।

Digitized by Panjab Digital Library / www.panjabdigilib.org

## ਸ਼ਬਦ ਨੰ: ੧੧੨

### ਸੋਰਠਿ ਮਹਲਾ ੫ ॥

ਸਿਮਰਿ ਸਿਮਰਿ ਗੁਰੁ ਸਤਿਗੁਰੁ ਅਪਨਾ ਸਗਲਾ ਦੂਖੁ ਮਿਟਾਇਆ ॥ ਤਾਪ ਰੋਗ ਗਏ ਗੁਰ ਬਚਨੀ ਮਨ ਇਛੇ ਫਲ ਪਾਇਆ॥੧॥ ਮੇਰਾ ਗੁਰ ਪੂਰਾ ਸੁਖ ਦਾਤਾ॥ ਕਰਣ ਕਾਰਣ ਸਮਰਥ ਸੁਆਮੀ ਪੂਰਨ ਪੁਰਖੁ ਬਿਧਾਤਾ॥ਰਹਾਉ॥ ਅਨੰਦ ਬਿਨੋਦ ਮੰਗਲ ਗੁਣ ਗਾਵਹੁ ਗੁਰ ਨਾਨਕ ਭਏ ਦਇਆਲਾ ॥ ਜੈ ਜੈਕਾਰ ਭਏ ਜਗ ਭੀਤਰਿ ਹੋਆ ਪਾਰਬ੍ਰਹਮੁ ਰਖਵਾਲਾ ॥੨॥੧੫॥੪੩॥

ਵਿਧੀ–ਇਸ ਸ਼ਬਦ ਨੂੰ ਚਾਲੀ ਦਿਨ ਹਰ ਰੋਜ਼ ਚਾਲੀ ਵਾਰੀ ਜਪਣ ਨਾਲ ਸਭ ਦੁਖ ਕਸ਼ਟ ਦੂਰ ਹੁੰਦੇ ਹਨ ਤੇ ਘਰ ਵਿਚ ਖੁਸ਼ੀਆਂ ਤੇ ਸੁਖਾਂ ਦਾ ਪ੍ਰਵੇਸ਼ ਹੁੰਦਾ ਹੈ।

## ਸ਼ਬਦ ਨੰ: ੧੧੩

### ਗਉੜੀ ਬਾਵਨ ਅਖਰੀ ਮਹਲਾ ੫ ॥

ਹੇ ਅਚੁਤ ਹੇ ਪਾਰਬ੍ਰਹਮ ਅਬਿਨਾਸੀ ਅਘਨਾਸ॥ ਹੇ ਪੂਰਨ ਹੇ ਸਰਬਮੈ ਦੁਖਭੰਜਨ ਗੁਣਤਾਸ ॥ ਹੇ ਸੰਗੀ ਹੇ ਨਿਰੰਕਾਰ ਹੇ ਨਿਰਗੁਣ ਸਭ ਟੇਕ ॥ ਹੇ ਗੋਬਿੰਦ ਹੇ ਗੁਣ ਨਿਧਾਨ ਜਾ ਕੈ ਸਦਾ ਬਿਬੇਕ ॥ ਹੇ ਅਪਰੰਪਰ ਹਰਿ ਹਰੇ ਹਹਿ ਭੀ ਹੋਵਨਹਾਰ॥ ਸੰਤਹ ਕੈ ਸਦਾ ਸੰਗਿ ਨਿਧਾਰਾ ਆਧਾਰ॥ ਹੇ ਠਾਕੁਰ ਹਉ ਦਾਸਰੋ ਮੈ ਨਿਰਗੁਨ ਗੁਨੁ ਨਹੀ ਕੋਇ ॥ ਨਾਨਕ ਦੀਜੈ ਨਾਮੁ ਦਾਨੁ ਰਾਖਉ ਹੀਐ ਪਰੋਇ ॥ ੫੫ ॥

ਵਿਧੀ–ਇਸ ਪਉੜੀ ਦੇ ੩ ਮਹੀਨੇ ਹਰ ਰੋਜ਼ ਇੱਕੀ ਪਾਠ ਕਰਨ ਨਾਲ ਪਾਰਬ੍ਰਹਮ ਦੇ ਦਰੋਂ ਨਾਮ ਦਾਨ ਤੇ ਸਰਬ ਸੁਖ ਪ੍ਰਾਪਤ ਹੁੰਦੇ ਹਨ।

Digitized by Panjab Digital Library | www.panjabdigilib.org

## ਸ਼ਬਦ ਨੰ: ੧੧੪
## ਰਾਮਕਲੀ ਮਹਲਾ ੩ ਅਨੰਦੁ

ੴ ਸਤਿਗੁਰ ਪ੍ਰਸਾਦਿ ॥

ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ ॥ ਸਤਿਗੁਰੁ ਤ ਪਾਇਆ ਸਹਜ ਸੇਤੀ ਮਨਿ ਵਜੀਆ ਵਾਧਾਈਆ ॥ ਰਾਗ ਰਤਨ ਪਰਵਾਰ ਪਰੀਆ ਸਬਦ ਗਾਵਣ ਆਈਆ॥ਸਬਦੋ ਤ ਗਾਵਹੁ ਹਰੀ ਕੇਰਾ ਮਨਿ ਜਿਨੀ ਵਸਾਇਆ ॥ ਕਹੈ ਨਾਨਕ ਅਨੰਦੁ ਹੋਆ ਸਤਿਗੁਰੂ ਮੈ ਪਾਇਆ ॥ ੧ ॥

(ਅਨੰਦੁ ਸਾਹਿਬ)

ਵਿਧੀ–ਇਸ ਅਨੰਦੁ ਸਾਹਿਬ ਦੀ ਪਹਿਲੀ ਪਉੜੀ ਨੂੰ ਅੰਮ੍ਰਿਤ ਵੇਲੇ ੪੦ ਦਿਨ ਇਕ ਸੌ ਅੱਠ ਵਾਰ ਜਪਣ ਨਾਲ ਸਦੀਵੀ ਅਨੰਦ ਪ੍ਰਾਪਤ ਹੁੰਦਾ ਹੈ ਤੇ ਘਰ ਵਿਚ ਹਰ ਸਮੇਂ ਸੁਖ ਸ਼ਾਂਤੀ ਬਣੀ ਰਹਿੰਦੀ ਹੈ।

## ਸ਼ਬਦ ਨੰ: ੧੧੫
## ਧਨਾਸਰੀ ਮਹਲਾ ੫ ॥

ਅਉਖੀ ਘੜੀ ਨ ਦੇਖਣ ਦੇਈ ਅਪਨਾ ਬਿਰਦੁ ਸਮਾਲੇ ॥ ਹਾਥ ਦੇਇ ਰਾਖੈ ਅਪਨੇ ਕਉ ਸਾਸਿ ਸਾਸਿ ਪ੍ਰਤਿਪਾਲੇ ॥ ੧ ॥ ਪ੍ਰਭ ਸਿਉ ਲਾਗਿ ਰਹਿਓ ਮੇਰਾ ਚੀਤੁ। ਆਦਿ ਅੰਤਿ ਪ੍ਰਭੁ ਸਦਾ ਸਹਾਈ ਧੰਨੁ ਹਮਾਰਾ ਮੀਤੁ ॥ ਰਹਾਉ॥ ਮਨਿ ਬਿਲਾਸ ਭਏ ਸਾਹਿਬ ਕੇ ਅਚਰਜ ਦੇਖਿ ਬਡਾਈ।ਹਰਿ ਸਿਮਰਿ ਸਿਮਰਿ ਆਨਦ ਕਰਿ ਨਾਨਕ ਪ੍ਰਭਿ ਪੂਰਨ ਪੈਜ ਰਖਾਈ॥ ੨ ॥ ੧੫ ॥ ੪੬ ॥

ਵਿਧੀ–ਇਸ ਸ਼ਬਦ ਨੂੰ ੪੧ ਦਿਨ ੪੧ ਵਾਰੀ ਹਰ ਰੋਜ਼ ਜਪਣ ਨਾਲ ਬਿਪਤਾ ਦੇ ਦਿਨ ਨਵਿਰਤ ਹੋ ਜਾਂਦੇ ਹਨ।

Digitized by Panjab Digital Library / www.panjabdigilib.org

## ਸ਼ਬਦ ਨੰ: ੧੧੬

### ਸੋਰਠਿ ਮਹਲਾ ੫ ॥

ਜਨਮ ਜਨਮ ਕੇ ਦੂਖ ਨਿਵਾਰੈ ਸੂਕਾ ਮਨੁ ਸਾਧਾਰੈ ॥ ਦਰਸਨੁ ਭੇਟਤ ਹੋਤ ਨਿਹਾਲਾ ਹਰਿ ਕਾ ਨਾਮੁ ਬੀਚਾਰੈ ॥੧॥ ਮੇਰਾ ਬੈਦੁ ਗੁਰੂ ਗੋਵਿੰਦਾ ॥ ਹਰਿ ਹਰਿ ਨਾਮੁ ਅਉਖਧੁ ਮੁਖਿ ਦੇਵੈ ਕਾਟੈ ਜਮ ਕੀ ਫੰਧਾ ॥੧॥ ਰਹਾਉ ॥ ਸਮਰਥ ਪੁਰਖ ਪੂਰਨ ਬਿਧਾਤੇ ਆਪੇ ਕਰਣੈਹਾਰਾ ॥ ਅਪੁਨਾ ਦਾਸੁ ਹਰਿ ਆਪਿ ਉਬਾਰਿਆ ਨਾਨਕ ਨਾਮੁ ਅਧਾਰਾ ॥੨॥੬॥੩੪॥

ਵਿਧੀ—ਕਾਫ਼ੀ ਇਲਾਜ ਕਰਨ ਨਾਲ ਵੀ ਰੋਗ ਨਵਿਰਤ ਨਾ ਹੁੰਦਾ ਤੇ ਕੋਈ ਦਵਾਈ ਅਸਰ ਨਾ ਕਰਦੀ ਹੋਵੇ ਤਾਂ ਇਸ ਸ਼ਬਦ ਦੇ ੪੧ ਦਿਨ ਹਰ ਰੋਜ਼ ੧੦੮ ਪਾਠ ਕਰੇ ਤਾਂ ਦਵਾਈ ਅਸਰ ਕਰੇਗੀ ਤੇ ਵਡੇ ਤੋਂ ਵਡਾ ਰੋਗ ਨਵਿਰਤ ਹੋ ਜਾਏਗਾ।

## ਸ਼ਬਦ ਨੰ: ੧੧੭

### ਸਵਈਏ ਮਹਲੇ ਚਉਥੇ ਕੇ ੪ ॥

ਸੇਵਕ ਕੈ ਭਰਪੂਰ ਜੁਗੁ ਜੁਗੁ ਵਾਹਿਗੁਰੂ ਤੇਰਾ ਸਭੁ ਸਦਕਾ ॥ ਨਿਰੰਕਾਰੁ ਪ੍ਰਭੁ ਸਦਾ ਸਲਾਮਤਿ ਕਹਿ ਨ ਸਕੈ ਕੋਊ ਤੂ ਕਦ ਕਾ ॥ ਬ੍ਰਹਮਾ ਬਿਸਨੁ ਸਿਰੇ ਤੈ ਅਗਨਤ ਤਿਨ ਕਉ ਮੋਹੁ ਭਯਾ ਮਨ ਮਦ ਕਾ ॥ ਚਵਰਾਸੀਹ ਲਖ ਜੋਨਿ ਉਪਾਈ ਰਿਜਕੁ ਦੀਆ ਸਭ ਹੂ ਕਉ ਤਦ ਕਾ ॥ ਸੇਵਕ ਕੈ ਭਰਪੂਰ ਜੁਗੁ ਜੁਗੁ ਵਾਹਿਗੁਰੂ ਤੇਰਾ ਸਭੁ ਸਦਕਾ ॥੧॥੧੧॥

ਵਿਧੀ—ਇਸ ਸਵੱਯੇ ਦਾ ੨ ਮਹੀਨੇ ਇਕ ਸੌ ਅੱਠ ਵਾਰ ਹਰ ਰੋਜ਼ ਪਾਠ ਕਰਨ ਨਾਲ ਪਰਵਾਰ ਵਿਚ ਸੁਖ ਸ਼ਾਂਤੀ ਤੇ ਪ੍ਰਸੰਨਤਾ ਬਣੀ ਰਹੇ।

Digitized by Panjab Digital Library / www.panjabdigilib.org

## ਸ਼ਬਦ ਨੰ: ੧੧੮

### ਸੋਰਠਿ ਮਹਲਾ ੫ ॥

ਐਥੈ ਓਥੈ ਰਖਵਾਲਾ ॥ ਪ੍ਰਭ ਸਤਿਗੁਰ ਦੀਨ ਦਇਆਲਾ ॥ ਦਾਸ ਅਪਨੇ ਆਪਿ ਰਾਖੇ॥ ਘਟਿ ਘਟਿ ਸਬਦੁ ਸੁਭਾਖੇ ॥੧॥ ਗੁਰ ਕੇ ਚਰਣ ਊਪਰਿ ਬਲਿ ਜਾਈ ॥ ਦਿਨਸੁ ਰੈਨਿ ਸਾਸਿ ਸਾਸਿ ਸਮਾਲੀ ਪੂਰਨੁ ਸਭਨੀ ਥਾਈ ॥ ਰਹਾਉ ॥ ਆਪਿ ਸਹਾਈ ਹੋਆ ॥ ਸਚੇ ਦਾ ਸਚਾ ਢੋਆ ॥ ਤੇਰੀ ਭਗਤਿ ਵਡਿਆਈ ॥ ਪਾਈ ਨਾਨਕ ਪ੍ਰਭ ਸਰਣਾਈ ॥ ੨ ॥ ੧੪ ॥ ੭੮ ॥

ਵਿਧੀ–ਇਹ ਸ਼ਬਦ ੩ ਮਹੀਨੇ ਲਗਾਤਾਰ ੪੦ ਵਾਰੀ ਹਰ ਰੋਜ਼ ਜਪਣ ਨਾਲ ਸਭ ਕਾਰਜ ਰਾਸ ਹੁੰਦੇ ਹਨ।ਸਤਿਗੁਰੂ ਹਰ ਤਰ੍ਹਾਂ ਦੀ ਰਖਿਆ ਕਰਦੇ ਹਨ।

## ਸ਼ਬਦ ਨੰ: ੧੧੯

### ਸੋਰਠਿ ਮਹਲਾ ੫ ॥

ਮਿਰਤਕ ਕਉ ਪਾਇਓ ਤਨਿ ਸਾਸਾ ਬਿਛੁਰਤ ਆਨਿ ਮਿਲਾਇਆ ॥ ਪਸੂ ਪਰੇਤ ਮੁਗਧ ਭਏ ਸ੍ਰੋਤੇ ਹਰਿ ਨਾਮਾ ਮੁਖਿ ਗਾਇਆ ॥੧॥ ਪੂਰੇ ਗੁਰ ਕੀ ਦੇਖੁ ਵਡਾਈ ॥ ਤਾ ਕੀ ਕੀਮਤਿ ਕਹਣੁ ਨ ਜਾਈ ॥ ਰਹਾਉ ॥ ਦੂਖ ਸੋਗ ਕਾ ਢਾਹਿਓ ਡੇਰਾ ਅਨਦ ਮੰਗਲ ਬਿਸਰਾਮਾ ॥ ਮਨ ਬਾਂਛਤ ਫਲ ਮਿਲੇ ਅਚਿੰਤਾ ਪੂਰਨ ਹੋਏ ਕਾਮਾ ॥੨॥ ਈਹਾ ਸੁਖੁ ਆਗੈ ਮੁਖ ਊਜਲ ਮਿਟਿ ਗਏ ਆਵਣ ਜਾਣੇ ॥ ਨਿਰਭਉ ਭਏ ਹਿਰਦੈ ਨਾਮੁ ਵਸਿਆ ਅਪੁਨੇ ਸਤਿਗੁਰ ਕੈ ਮਨਿ ਭਾਣੇ ॥ ੩ ॥ ਊਠਤ ਬੈਠਤ ਹਰਿ ਗੁਣ ਗਾਵੈ ਦੂਖੁ ਦਰਦੁ ਭ੍ਰਮੁ ਭਾਗਾ ॥ ਕਹੁ ਨਾਨਕ ਤਾ ਕੇ ਪੂਰ ਕਰੰਮਾ ਜਾ ਕਾ ਗੁਰ ਚਰਨੀ ਮਨੁ ਲਾਗਾ ॥੪॥੧੦॥੨੧॥

ਵਿਧੀ–ਇਸ ਸ਼ਬਦ ਦਾ ਇਕੋਤ੍ਰ ਸੌ ਦਿਨ ੪੦ ਪਾਠ ਹਰ ਰੋਜ਼ ਕਰਨ ਨਾਲ ਸਭ ਤਰ੍ਹਾਂ ਦੇ ਕਸ਼ਟ, ਬੀਮਾਰੀਆਂ ਦੂਰ ਹੋ ਜਾਂਦੀਆਂ ਹਨ। ਮਨਇਛਤ ਪਦਾਰਥ ਪ੍ਰਾਪਤ ਹੁੰਦੇ ਹਨ। ਸਭ ਅਟਕੇ ਕੰਮ ਸੌਰ ਜਾਂਦੇ ਹਨ। ਵਿਛੁੜੇ ਸਜਣਾਂ ਨਾਲ ਮੇਲ ਹੁੰਦਾ ਹੈ।

Digitized by Panjab Digital Library / www.panjabdigilib.org

## ਸ਼ਬਦ ਨੰ: ੧੨੦

### ਧਨਾਸਰੀ ਮਹਲਾ ੫ ॥

ਇਛਾ ਪੂਰਕੁ ਸਰਬ ਸੁਖ ਦਾਤਾ ਹਰਿ ਜਾਕੈ ਵਸਿ ਹੈ ਕਾਮਧੇਨਾ ॥ ਸੋ ਐਸਾ ਹਰਿ ਧਿਆਈਐ ਮੇਰੇ ਜੀਅੜੇ ਤਾ ਸਰਬ ਸੁਖ ਪਾਵਹਿ ਮੇਰੇ ਮਨਾ ॥੧॥ ਜਪਿ ਮਨ ਸਤਿਨਾਮੁ ਸਦਾ ਸਤਿਨਾਮੁ॥ ਹਲਤਿ ਪਲਤਿ ਮੁਖ ਊਜਲ ਹੋਈ ਹੈ ਨਿਤ ਧਿਆਈਐ ਹਰਿ ਪੁਰਖੁ ਨਿਰੰਜਨਾ ॥ ਰਹਾਉ ॥ ਜਹ ਹਰਿ ਸਿਮਰਨੁ ਭਇਆ ਤਹ ਉਪਾਧਿ ਗਤੁ ਕੀਨੀ ਵਡਭਾਗੀ ਹਰਿ ਜਪਨਾ॥ ਜਨ ਨਾਨਕ ਕਉ ਗੁਰਿ ਇਹ ਮਤਿ ਦੀਨੀ ਜਪਿ ਹਰਿ ਭਵਜਲੁ ਤਰਣਾ ॥੨॥੬॥੧੨॥

ਵਿਧੀ—ਇਸ ਸ਼ਬਦ ਨੂੰ ਹਰ ਰੋਜ਼ ਇਕੋਤ੍ਰ ਸੌ ਦਿਨ ੪੦ ਵਾਰੀ ਜਪਣ ਨਾਲ ਸਭ ਮਨਇਛਤ ਕਾਮਨਾਵਾਂ ਪੂਰਨ ਹੁੰਦੀਆਂ ਹਨ। ਸਭ ਸੁਖ ਪ੍ਰਾਪਤ ਹੁੰਦੇ ਹਨ। ਹਰ ਤਰ੍ਹਾਂ ਦੇ ਵਿਘਨ ਨਾਸ ਹੁੰਦੇ ਹਨ।

## ਸ਼ਬਦ ਨੰ. ੧੨੧

### ਗੋਂਡ ਮਹਲਾ ੪ ॥

ਜੇ ਮਨਿ ਚਿਤਿ ਆਸ ਰਖਹਿ ਹਰਿ ਊਪਰਿ ਤਾ ਮਨਚਿੰਦੇ ਅਨੇਕ ਅਨੇਕ ਫਲ ਪਾਈ॥ ਹਰਿ ਜਾਣੈ ਸਭੁ ਕਿਛੁ ਜੋ ਜੀਇ ਵਰਤੈ ਪ੍ਰਭੁ ਘਾਲਿਆ ਕਿਸੈ ਕਾ ਇਕੁ ਤਿਲੁ ਨ ਗਵਾਈ ॥ ਹਰਿ ਤਿਸ ਕੀ ਆਸ ਕੀਜੈ ਮਨ ਮੇਰੇ ਜੋ ਸਭ ਮਹਿ ਸੁਆਮੀ ਰਹਿਆ ਸਮਾਈ ॥੧॥ ਮੇਰੇ ਮਨ ਆਸਾ ਕਰਿ ਜਗਦੀਸ ਗੁਸਾਈ ॥ ਜੋ ਬਿਨੁ ਹਰਿ ਆਸ ਅਵਰ ਕਾਹੂ ਕੀ ਕੀਜੈ ਸਾ ਨਿਹਫਲ ਆਸ ਸਭ ਬਿਰਥੀ ਜਾਈ ॥੧॥ ਰਹਾਉ॥ ਜੋ ਦੀਸੈ ਮਾਇਆ ਮੋਹ ਕੁਟੰਬੁ ਸਭੁ ਮਤ ਤਿਸ ਕੀ ਆਸ ਲਗਿ ਜਨਮੁ ਗਵਾਈ॥ ਇਨ ਕੈ ਕਿਛੁ ਹਾਥਿ ਨਹੀ ਕਹਾ ਕਰਹਿ ਇਹਿ ਬਪੁੜੇ ਇਨਕਾ ਵਾਹਿਆ ਕਛੁ ਨ ਵਸਾਈ॥ ਮੇਰੇ ਮਨ ਆਸ ਕਰਿ ਹਰਿ ਪ੍ਰੀਤਮ ਅਪੁਨੇ ਕੀ ਜੋ ਤੁਝੁ ਤਾਰੈ ਤੇਰਾ ਕੁਟੰਬੁ ਸਭੁ ਛਡਾਈ ॥੨॥ ਜੇ ਕਿਛੁ ਆਸ ਅਵਰ

Digitized by Panjab Digital Library | www.panjabdigilib.org

ਕਰਹਿ ਪਰਮਿਤ੍ਰੀ ਮਤ ਤੂੰ ਜਾਣਹਿ ਤੇਰੈ ਕਿਤੈ ਕੰਮਿ ਆਈ ॥ ਇਹ ਆਸ ਪਰਮਿਤ੍ਰੀ ਭਾਉ ਦੂਜਾ ਹੈ ਖਿਨ ਮਹਿ ਝੂਠੁ ਬਿਨਸਿ ਸਭ ਜਾਈ ॥ ਮੇਰੇ ਮਨ ਆਸਾ ਕਰਿ ਹਰਿ ਪ੍ਰੀਤਮ ਸਾਚੇ ਕੀ ਜੋ ਤੇਰਾ ਘਾਲਿਆ ਸਭ ਥਾਇ ਪਾਈ ॥੩॥ ਆਸਾ ਮਨਸਾ ਤੇਰੀ ਮੇਰੇ ਸੁਆਮੀ ਜੈਸੀ ਤੂ ਆਸ ਕਰਾਵਹਿ ਤੈਸੀ ਕੋ ਆਸ ਕਰਾਈ॥ ਕਿਛੁ ਕਿਸੀ ਕੈ ਹਾਥਿ ਨਾਹੀ ਮੇਰੇ ਸੁਆਮੀ ਐਸੀ ਮੇਰੈ ਸਤਿਗੁਰਿ ਬੂਝ ਬੁਝਾਈ ॥ ਜਨ ਨਾਨਕ ਕੀ ਆਸ ਤੂ ਜਾਣਹਿ ਹਰਿ ਦਰਸਨੁ ਦੇਖਿ ਹਰਿ ਦਰਸਨਿ ਤ੍ਰਿਪਤਾਈ ॥ ੪ ॥

ਵਿਧੀ–ਐਤਵਾਰ ਤੋਂ ਇਸ ਸ਼ਬਦ ਦਾ ਪਾਠ ਸ਼ੁਰੂ ਕਰਨਾ। ੪੦ ਦਿਨ ਵਿਚ ੪ ਹਜ਼ਾਰ ਪਾਠ ਕਰਨਾ। ਮਨ ਦੇ ਹਰ ਪ੍ਰਕਾਰ ਦੇ ਮਨੋਰਥ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਪੂਰਨ ਕਰਨਗੇ।

## ਸ਼ਬਦ ਨੰ: ੧੨੨

ਸੁਰਿ ਨਰ ਮੁਨਿ ਜਨ ਅੰਮ੍ਰਿਤੁ ਖੋਜਦੇ ਸੁ ਅੰਮ੍ਰਿਤੁ ਗੁਰ ਤੇ ਪਾਇਆ ॥ ਪਾਇਆ ਅੰਮ੍ਰਿਤੁ ਗੁਰਿ ਕ੍ਰਿਪਾ ਕੀਨੀ ਸਚਾ ਮਨਿ ਵਸਾਇਆ॥ ਜੀਅ ਜੰਤ ਸਭਿ ਤੁਧੁ ਉਪਾਏ ਇਕਿ ਵੇਖਿ ਪਰਸਣਿ ਆਇਆ ॥ ਲਬੁ ਲੋਭੁ ਅਹੰਕਾਰੁ ਚੂਕਾ ਸਤਿਗੁਰੂ ਭਲਾ ਭਾਇਆ॥ ਕਹੈ ਨਾਨਕੁ ਜਿਸ ਨੋ ਆਪਿ ਤੁਠਾ ਤਿਨਿ ਅੰਮ੍ਰਿਤੁ ਗੁਰ ਤੇ ਪਾਇਆ ॥ ੧੩ ॥

(ਅਨੰਦੁ ਸਾਹਿਬ)

ਵਿਧੀ–ਇਹ ਸ਼ਬਦ ੪੦ ਦਿਨ ਰੋਜ਼ਾਨਾ ਇਕਤਾਲੀ ਵਾਰ ਪੜ੍ਹਨ ਨਾਲ ਵਾਹਿਗੁਰੂ ਦੇ ਦਰੋਂ ਘਰੋਂ ਸੱਚੇ ਅੰਮ੍ਰਿਤ (ਨਾਮ) ਦੀ ਦਾਤ ਪ੍ਰਾਪਤ ਹੁੰਦੀ ਹੈ, ਜਿਸ ਨਾਲ ਮਨ ਵਿਚ ਤੇ ਘਰ ਵਿਚ ਸਦੀਵੀ ਅਨੰਦ ਬਣਿਆ ਰਹਿੰਦਾ ਹੈ।

## ਸ਼ਬਦ ਨੰ: ੧੨੩

ਆਸਾ ਮਹਲਾ ੫ ॥

ਵਿਦਿਆ ਵੀਚਾਰੀ ਤਾਂ ਪਰਉਪਕਾਰੀ ॥ ਜਾ ਪੰਚ ਰਾਸੀ ਤਾਂ ਤੀਰਥ

Digitized by Panjab Digital Library | www.panjabdigilib.org

ਵਾਸੀ ॥ ੧ ॥ ਘੂੰਘਰੂ ਵਾਜੈ ਜੇ ਮਨੁ ਲਾਗੈ ॥ ਤਉ ਜਮੁ ਕਹਾ ਕਰੇ ਮੋ ਸਿਉ ਆਗੈ ॥੧॥ ਰਹਾਉ ॥ ਆਸ ਨਿਰਾਸੀ ਤਉ ਸੰਨਿਆਸੀ ॥ ਜਾਂ ਜਤੁ ਜੋਗੀ ਤਾਂ ਕਾਇਆ ਭੋਗੀ ॥੨॥ ਦਇਆ ਦਿਗੰਬਰੁ ਦੇਹ ਬੀਚਾਰੀ ॥ ਆਪਿ ਮਰੈ ਅਵਰਾ ਨਹ ਮਾਰੀ ॥੩॥ ਏਕੁ ਤੂ ਹੋਰਿ ਵੇਸ ਬਹੁਤੇਰੇ ॥ ਨਾਨਕੁ ਜਾਣੈ ਚੋਜ ਨ ਤੇਰੇ ॥ ੪ ॥ ੨੫ ॥

ਵਿਧੀ–ਇਸ ਸ਼ਬਦ ਨੂੰ ਇਕੋਤ੍ਰ ਸੌ ਦਿਨ ਹਰ ਰੋਜ਼ ਇਕ ਸੌ ਅੱਠ ਵਾਰੀ ਜਪਣ ਨਾਲ ਉੱਚ ਵਿਦਿਆ ਪ੍ਰਾਪਤ ਹੋਵੇ। ਇਮਤਿਹਾਨ ਵਿਚ ਸਫਲਤਾ ਮਿਲੇ।

## ਸ਼ਬਦ ਨੰ: ੧੨੪

### ਸਿਰੀ ਰਾਗੁ ਮਹਲਾ ੧ ॥

ਵਣਜੁ ਕਰਹੁ ਵਣਜਾਰਿਹੋ ਵਖਰੁ ਲੇਹੁ ਸਮਾਲਿ ॥ ਤੈਸੀ ਵਸਤੁ ਵਿਸਾਹੀਐ ਜੈਸੀ ਨਿਬਹੈ ਨਾਲਿ॥ ਅਗੈ ਸਾਹੁ ਸੁਜਾਣੁ ਹੈ ਲੈਸੀ ਵਸਤੁ ਸਮਾਲਿ॥੧॥ ਭਾਈ ਰੇ ਰਾਮੁ ਕਹਹੁ ਚਿਤੁ ਲਾਇ ॥ ਹਰਿ ਜਸੁ ਵਖਰੁ ਲੈ ਚਲਹੁ ਸਹੁ ਦੇਖੈ ਪਤੀਆਇ ॥ ੧ ॥ ਰਹਾਉ॥ ਜਿਨਾ ਰਾਸਿ ਨ ਸਚੁ ਹੈ ਕਿਉ ਤਿਨਾ ਸੁਖੁ ਹੋਇ॥ ਖੋਟੈ ਵਣਜਿ ਵਣੰਜਿਐ ਮਨੁ ਤਨੁ ਖੋਟਾ ਹੋਇ॥ ਫਾਹੀ ਫਾਥੇ ਮਿਰਗ ਜਿਉ ਦੂਖੁ ਘਣੋ ਨਿਤ ਰੋਇ ॥੨॥ ਖੋਟੇ ਪੋਤੈ ਨਾ ਪਵਹਿ ਤਿਨ ਹਰਿ ਗੁਰ ਦਰਸੁ ਨ ਹੋਇ॥ ਖੋਟੇ ਜਾਤਿ ਨ ਪਤਿ ਹੈ ਖੋਟਿ ਨ ਸੀਝਸਿ ਕੋਇ ॥ ਖੋਟੇ ਖੋਟੁ ਕਮਾਵਣਾ ਆਇ ਗਇਆ ਪਤਿ ਖੋਇ॥੩॥ ਨਾਨਕ ਮਨੁ ਸਮਝਾਈਐ ਗੁਰ ਕੈ ਸਬਦਿ ਸਾਲਾਹ॥ ਰਾਮ ਨਾਮ ਰੰਗਿ ਰਤਿਆ ਭਾਰੁ ਨ ਭਰਮੁ ਤਿਨਾਹ॥ ਹਰਿ ਜਪਿ ਲਾਹਾ ਅਗਲਾ ਨਿਰਭਉ ਹਰਿ ਮਨ ਮਾਹ ॥ ੪ ॥ ੨੨ ॥

ਵਿਧੀ–ਇਸ ਸ਼ਬਦ ਦੇ ੪੧ ਦਿਨ ਇੱਕੋ ਪਾਠ ਹਰ ਰੋਜ਼ ਕਰਨ ਨਾਲ ਵਣਜ ਵਪਾਰ ਵਿਚ ਵਾਧਾ ਹੁੰਦਾ ਹੈ। ਕਦੀ ਘਾਟੇ ਵਾਲਾ ਸੌਦਾ ਪੱਲੇ ਨਹੀਂ ਪੈਂਦਾ। ਹਰ ਸਮੇਂ ਮਾਇਆ ਨਾਲ ਹੱਥ ਖੁਲ੍ਹਾ ਰਹਿੰਦਾ ਹੈ।

Digitized by Panjab Digital Library | www.panjabdigilib.org

## ਸ਼ਬਦ ਨੰ: ੧੨੫

### ਮਾਰੂ ਮਹਲਾ ੫ ॥

ਪਾਂਚ ਬਰਖ ਕੋ ਅਨਾਥੁ ਧ੍ਰੂ ਬਾਰਿਕੁ ਹਰਿ ਸਿਮਰਤ ਅਮਰ ਅਟਾਰੇ ॥ ਪੁਤ੍ਰ ਹੇਤਿ ਨਾਰਾਇਣੁ ਕਹਿਓ ਜਮਕੰਕਰ ਮਾਰਿ ਬਿਦਾਰੇ ॥ ੧ ॥ ਮੇਰੇ ਠਾਕੁਰ ਕੇਤੇ ਅਗਨਤ ਉਧਾਰੇ ॥ ਮੋਹਿ ਦੀਨ ਅਲਪ ਮਤਿ ਨਿਰਗੁਣ ਪਰਿਓ ਸਰਣਿ ਦੁਆਰੇ ॥੧॥ ਰਹਾਉ ॥ ਬਾਲਮੀਕ ਸੁਪਚਾਰੋ ਤਰਿਓ ਬਧਿਕ ਤਰੇ ਬਿਚਾਰੇ ॥ ਏਕ ਨਿਮਖ ਮਨ ਮਾਹਿ ਅਰਾਧਿਓ ਗਜਪਤਿ ਪਾਰਿ ਉਤਾਰੇ ॥ ੨ ॥ ਕੀਨੀ ਰਖਿਆ ਭਗਤ ਪ੍ਰਹਿਲਾਦੇ ਹਰਨਾਖਸ ਨਖਹਿ ਬਿਦਾਰੇ ॥ ਬਿਦਰ ਦਾਸੀ ਸੁਤੁ ਭਇਓ ਪੁਨੀਤਾ ਸਗਲੇ ਕੁਲ ਉਜਾਰੇ ॥੩ ॥ ਕਵਨ ਪਰਾਧ ਬਤਾਵਉ ਅਪੁਨੇ ਮਿਥਿਆ ਮੋਹ ਮਗਨਾਰੇ ॥ ਆਇਓ ਸਾਮ ਨਾਨਕ ਓਟ ਹਰਿ ਕੀ ਲੀਜੈ ਭੁਜਾ ਪਸਾਰੇ ॥ ੪ ॥ ੨ ॥

ਵਿਧੀ–ਇਸ ਸ਼ਬਦ ਨੂੰ ਹਰ ਸੋਮਵਾਰ ਤੋਂ ੪੧ ਵਾਰੀ ਰੋਜ਼ਾਨਾ ਜਪਿਆ ਜਾਵੇ ਤਾਂ ਸਭ ਕਸ਼ਟਾਂ ਦੀ ਨਵਿਰਤੀ ਹੁੰਦੀ ਹੈ। ਹਰ ਪ੍ਰਕਾਰ ਦੀ ਰਖਿਆ ਹੁੰਦੀ ਹੈ। ਘਰ ਵਿਚ ਸਦਾ ਹੀ ਸੁਖ ਸ਼ਾਂਤੀ ਦਾ ਵਾਤਾਵਰਨ ਬਣਿਆ ਰਹਿੰਦਾ ਹੈ।

## ਸ਼ਬਦ ਨੰ: ੧੨੬

### ਸਿਰੀ ਰਾਗੁ ਮਹਲਾ ੫ ॥

ਜਾ ਕਉ ਮੁਸਕਲੁ ਅਤਿ ਬਣੈ ਢੋਈ ਕੋਇ ਨ ਦੇਇ ॥ ਲਾਗੂ ਹੋਏ ਦੁਸਮਨਾ ਸਾਕ ਭਿ ਭਜਿ ਖਲੇ॥ ਸਭੋ ਭਜੈ ਆਸਰਾ ਚੁਕੈ ਸਭੁ ਅਸਰਾਉ॥ ਚਿਤਿ ਆਵੈ ਓਸੁ ਪਾਰਬ੍ਰਹਮੁ ਲਗੈ ਨ ਤਤੀ ਵਾਉ ॥ ੧ ॥ ਸਾਹਿਬੁ ਨਿਤਾਣਿਆ ਕਾ ਤਾਣੁ ॥ ਆਇ ਨ ਜਾਈ ਥਿਰੁ ਸਦਾ ਗੁਰ ਸਬਦੀ ਸਚੁ ਜਾਣੁ ॥੧॥ ਰਹਾਉ ॥

ਵਿਧੀ–ਇਸ ਸ਼ਬਦ ਦਾ ਇਕ ਸੌ ਅੱਠ ਦਿਨ ਇਕ ਸੌ ਅੱਠ ਪਾਠ ਰੋਜ਼ਾਨਾ ਕਰੋ। ਹਰ ਪ੍ਰਕਾਰ ਦੀਆਂ ਮੁਸੀਬਤਾਂ ਤੇ ਦੁਖ ਕਲੇਸ਼ ਨਵਿਰਤ ਹੋਵਣ।

Digitized by Panjab Digital Library | www.panjabdigilib.org

## ਸ਼ਬਦ ਨੰ: ੧੨੭

### ਸਿਰੀ ਰਾਗੁ ਮਹਲਾ ੫ ॥

ਜੇ ਕੋ ਹੋਵੈ ਦੁਬਲਾ ਨੰਗ ਭੁਖ ਕੀ ਪੀਰ ॥ ਦਮੜਾ ਪਲੈ ਨਾ ਪਵੈ ਨਾ ਕੋ ਦੇਵੈ ਧੀਰ ॥ ਸੁਆਰਥੁ ਸੁਆਉ ਨ ਕੋ ਕਰੇ ਨਾ ਕਿਛੁ ਹੋਵੈ ਕਾਜੁ ॥ ਚਿਤਿ ਆਵੈ ਓਸੁ ਪਾਰਬ੍ਰਹਮੁ ਤਾ ਨਿਹਚਲੁ ਹੋਵੈ ਰਾਜੁ ॥ ੨ ॥

ਵਿਧੀ–ਇਸ ਸ਼ਬਦ ਨੂੰ ਇਕ ਸੌ ਅੱਠ ਦਿਨ ਇਕੋਤ੍ਰ ਸੌ ਵਾਰ ਰੋਜ਼ਾਨਾ ਜਪੇ। ਘਰ ਵਿਚੋਂ ਗਰੀਬੀ ਤੇ ਦਲਿੱਦਰ ਦੂਰ ਹੋਵੇ। ਸੁਖਾਂ ਦੀ ਪ੍ਰਾਪਤੀ ਹੋਵੇ।

## ਸ਼ਬਦ ਨੰ: ੧੨੮

### ਸਿਰੀ ਰਾਗੁ ਮਹਲਾ ੫ ॥

ਜਾਕਉ ਚਿੰਤਾ ਬਹੁਤੁ ਬਹੁਤੁ ਦੇਹੀ ਵਿਆਪੈ ਰੋਗੁ ॥ ਗ੍ਰਿਸਤਿ ਕੁਟੰਬਿ ਪਲੇਟਿਆ ਕਦੇ ਹਰਖੁ ਕਦੇ ਸੋਗੁ ॥ ਗਉਣੁ ਕਰੇ ਚਹੁ ਕੁੰਟ ਕਾ ਘੜੀ ਨ ਬੈਸਣੁ ਸੋਇ ॥ ਚਿਤਿ ਆਵੈ ਓਸੁ ਪਾਰਬ੍ਰਹਮੁ ਤਨੁ ਮਨੁ ਸੀਤਲੁ ਹੋਇ ॥੩॥

ਵਿਧੀ–ਇਸ ਸ਼ਬਦ ਦਾ ੧੦੮ ਦਿਨ ਇਕੋਤ੍ਰ ਸੌ ਪਾਠ ਹਰ ਰੋਜ਼ ਕਰਨ ਨਾਲ ਫਿਕਰਾਂ, ਸੋਚਾਂ ਤੇ ਚਿੰਤਾਵਾਂ ਤੋਂ ਛੁਟਕਾਰਾ ਮਿਲੇ। ਘਰ ਵਿਚ ਸਦਾ ਸੁਖਦਾ ਵਾਤਾਵਰਣ ਬਣਿਆ ਰਹੇ।

## ਸ਼ਬਦ ਨੰ: ੧੨੯

### ਮਾਝ ਮਹਲਾ ੫ ॥

ਜੀਅ ਪ੍ਰਾਣ ਪ੍ਰਭ ਮਨਹਿ ਅਧਾਰਾ ॥ ਭਗਤਿ ਜੀਵਹਿ ਗੁਣ ਗਾਇ ਅਪਾਰਾ ॥ ਗੁਣ ਨਿਧਾਨ ਅੰਮ੍ਰਿਤੁ ਹਰਿਨਾਮਾ ਹਰਿ ਧਿਆਇ ਧਿਆਇ ਸੁਖ ਪਾਇਆ ਜੀਉ ॥ ੧ ॥ ਮਨਸਾ ਧਾਰਿ ਜੋ ਘਰਿ ਆਵੈ ॥ ਸਾਧ ਸੰਗਿ ਜਨਮ ਮਰਣੁ ਮਿਟਾਵੈ ॥ ਆਸ ਮਨੋਰਥੁ ਪੂਰਨ ਹੋਵੈ ਭੇਟਤ ਗੁਰ ਦਰਸਾਇਆ

Digitized by Panjab Digital Library / www.panjabdigilib.org

ਜੀਉ ॥ ੨ ॥ ਅਗਮੁ ਅਗੋਚਰੁ ਕਿਛੁ ਮਿਤਿ ਨਹੀ ਜਾਨੀ ॥ ਸਾਧਿਕ ਸਿਧ ਧਿਆਵਹਿ ਗਿਆਨੀ ॥ ਖੁਦੀ ਮਿਟੀ ਚੂਕਾ ਭੋਲਾਵਾ ਗੁਰਿ ਮਨ ਹੀ ਮਹਿ ਪ੍ਰਗਟਾਇਆ ਜੀਉ ॥੩॥ ਅਨਦ ਮੰਗਲ ਕਲਿਆਣ ਨਿਧਾਨਾ॥ ਸੂਖ ਸਹਜ ਹਰਿ ਨਾਮੁ ਵਖਾਨਾ ॥ ਹੋਇ ਕ੍ਰਿਪਾਲ ਸੁਆਮੀ ਅਪਨਾ ਨਾਉ ਨਾਨਕ ਘਰ ਮਹਿ ਆਇਆ ॥ ੪ ॥

ਵਿਧੀ—ਇਸ ਸ਼ਬਦ ਨੂੰ ਸ਼ੁਕਰਵਾਰ ਜਾਂ ਚਾਨਣ ਪੱਖ ਦੀ ਏਕਮ ਤੋਂ ਅਰੰਭ ਕਰਕੇ ੪੧ ਦਿਨਾਂ ਵਿਚ ੧ ਹਜ਼ਾਰ ਜਪਣਾ। ਮਨ ਦੀਆਂ ਕਾਮਨਾਵਾਂ ਪੂਰਨ ਹੋਣ। ਇਸ ਪਾਠ ਨੂੰ ਜੇ ਇਕ ਸਾਲ ਲਗਾਤਾਰ ਹਰ ਰੋਜ਼ ੧੦੯ ਵਾਰ ਜਪਿਆ ਜਾਏ ਤਾਂ ਘਰ ਵਿਚ ਕਿਸੇ ਪਦਾਰਥ ਦੀ ਥੋੜ ਨਹੀਂ ਆਵੇਗੀ।

## ਸ਼ਬਦ ਨੰ: ੧੩੦

### ਸਲੋਕ ਸਹਸਕ੍ਰਿਤੀ ਮਹਲਾ ੫ ॥

ਪਾਛੰ ਕਰੋਤਿ ਅਗ੍ਰਣੀਵਹ ਨਿਰਾਸੰ ਆਸ ਪੂਰਣਹ ॥ ਨਿਰਧਨੰ ਭਯੰ ਧਨਵੰਤਹ ਰੋਗੀਅੰ ਰੋਗ ਖੰਡਨਹ ॥ ਭਗਤੵੰ ਭਗਤਿ ਦਾਨੰ ਰਾਮ ਨਾਮ ਗੁਣ ਕੀਰਤਨਹ ॥ ਪਾਰਬ੍ਰਹਮ ਪੁਰਖ ਦਾਤਾਰਹ ਨਾਨਕ ਗੁਰ ਸੇਵਾ ਕਿੰ ਨ ਲਭੵਤੇ ॥ ੨੦ ॥

ਵਿਧੀ—ਇਸ ਸਲੋਕ ਨੂੰ ੪੦ ਦਿਨ ੧੦੯ ਵਾਰ ਰੋਜ਼ ਜਪਣਾ। ਮਨ ਦੀਆਂ ਸਭ ਆਸਾਂ ਪੂਰਨ ਹੁੰਦੀਆਂ ਹਨ।

## ਸ਼ਬਦ ਨੰ: ੧੩੧

### ਆਸਾ ਮਹਲਾ ੫ ॥

ਅਰੜਾਵੈ ਬਿਲਲਾਵੈ ਨਿੰਦਕੁ ॥ ਪਾਰਬ੍ਰਹਮੁ ਪਰਮੇਸਰੁ ਬਿਸਰਿਆ ਅਪਣਾ ਕੀਤਾ ਪਾਵੈ ਨਿੰਦਕੁ॥ ੧ ॥ ਰਹਾਉ ॥ ਜੇ ਕੋਈ ਉਸ ਕਾ ਸੰਗੀ ਹੋਵੈ ਨਾਲੇ ਲਏ ਸਿਧਾਵੈ॥ ਅਣਹੋਦਾ ਅਜਗਰੁ ਭਾਰੁ ਉਠਾਵੈ ਨਿੰਦਕੁ ਅਗਨੀ ਮਾਹਿ

Digitized by Panjab Digital Library / www.panjabdigilib.org

ਜਲਾਵੈ ॥ ੧ ॥ ਪਰਮੇਸਰ ਕੈ ਦੁਆਰੈ ਜਿ ਹੋਇ ਬਿਤੀਤੈ ਸੁ ਨਾਨਕੁ ਆਖਿ ਸੁਣਾਵੈ ॥ ਭਗਤ ਜਨਾਂ ਕਉ ਸਦਾ ਅਨੰਦੁ ਹੈ ਹਰਿ ਕੀਰਤਨੁ ਗਾਇ ਬਿਗਸਾਵੈ ॥ ੨ ॥ ੧੦ ॥

ਵਿਧੀ—ਇਸ ਸ਼ਬਦ ਦੇ ੪੧ ਦਿਨ ੯੧ ਪਾਠ ਹਰ ਰੋਜ਼ ਕਰਨ ਨਾਲ ਤੁਹਾਡੇ ਨਿੰਦਕ ਦਾ ਮੂੰਹ ਕਾਲਾ ਹੋਵੇ। ਨਿੰਦਕ ਨੂੰ ਸਜ਼ਾ ਮਿਲੇ। ਹਰ ਪਾਸੇ ਜੈ ਜੈ ਕਾਰ ਹੋਵੇ।

## ਸ਼ਬਦ ਨੰ: ੧੩੨

### ਰਾਗੁ ਧਨਾਸਰੀ ਮਹਲਾ ੧ ॥

ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ ॥ ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ ॥ ੧ ॥ ਕੈਸੀ ਆਰਤੀ ਹੋਇ ਭਵਖੰਡਨਾ ਤੇਰੀ ਆਰਤੀ ।ਅਨਹਤਾ ਸਬਦ ਵਾਜੰਤਭੇਰੀ॥ ੧॥ ਰਹਾਉ॥ ਸਹਸ ਤਵ ਨੈਨ ਨਨ ਨੈਨ ਹਹਿ ਤੋਹਿ ਕਉ ਸਹਸ ਮੂਰਤਿਨਨਾ ਏਕ ਤੋਹੀ ॥ ਸਹਸ ਪਦ ਬਿਮਲ ਨਨ ਏਕ ਪਦ ਗੰਧ ਬਿਨੁ ਸਹਸ ਤਵ ਗੰਧ ਇਵ ਚਲਤ ਮੋਹੀ ॥ ੨ ॥ ਸਭ ਮਹਿ ਜੋਤਿ ਜੋਤਿ ਹੈ ਸੋਇ। ਤਿਸਦੈ ਚਾਨਣਿ ਸਭ ਮਹਿ ਚਾਨਣੁ ਹੋਇ ॥ ਗੁਰ ਸਾਖੀ ਜੋਤਿ ਪਰਗਟੁ ਹੋਇ॥ ਜੋ ਤਿਸੁ ਭਾਵੈ ਸੁ ਆਰਤੀ ਹੋਇ ॥ ੩ ॥ ਹਰਿ ਚਰਨ ਕਵਲ ਮਕਰੰਦ ਲੋਭਿਤ ਮਨੋ ਅਨਦਿਨੋ ਮੋਹਿ ਆਹੀ ਪਿਆਸਾ ॥ ਕ੍ਰਿਪਾ ਜਲੁ ਦੇਹਿ ਨਾਨਕ ਸਾਰਿੰਗ ਕਉ ਹੋਇ ਜਾਤੇ ਤੇਰੈ ਨਾਮਿ ਵਾਸਾ ॥ ੪ ॥

ਵਿਧੀ—ਇਸ ਸ਼ਬਦ ਦਾ ੪੧ ਦਿਨ ਹਰ ਰੋਜ਼ ੨੧ ਪਾਠ ਕਰਨ ਨਾਲ ਪ੍ਰਮਾਤਮਾਂ ਦੀ ਪ੍ਰਸੰਨਤਾ ਤੇ ਸਰਬ ਪਦਾਰਥਾਂ ਦੀ ਪ੍ਰਾਪਤੀ ਹੁੰਦੀ ਹੈ। ਘਰ ਵਿਚ ਸੁਖ ਸ਼ਾਂਤੀ ਦਾ ਪ੍ਰਵੇਸ਼ ਹੁੰਦਾ ਹੈ ਬੇਅੰਤ ਧਨ ਆਉਂਦਾ ਹੈ। ਹਰ ਕਾਰਜ ਵਿਚ ਸਦਾ ਸਫਲਤਾ ਮਿਲਦੀ ਹੈ।

Digitized by Panjab Digital Library | www.panjabdigilib.org

## ਸ਼ਬਦ ਨੰ: ੧੩੩
### ਤਿਲੰਗ ਮਹਲਾ ੧ ॥

ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ ॥ ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ ॥ ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ ॥ ਕਾਜੀਆ ਬਾਮਣਾ ਕੀ ਗਲ ਥਕੀ ਅਗਦੁ ਪੜੈ ਸੈਤਾਨੁ ਵੇ ਲਾਲੋ॥ਮੁਸਲਮਾਨੀਆ ਪੜਹਿ ਕਤੇਬਾ ਕਸਟ ਮਹਿ ਕਰਹਿ ਖੁਦਾਇ ਵੇ ਲਾਲੋ ॥ ਜਾਤਿ ਸਨਾਤੀ ਹੋਰਿ ਹਿਦਵਾਣੀਆ ਏਹਿ ਭੀ ਲੇਖੈ ਲਾਇ ਵੇ ਲਾਲੋ॥ ਖੂਨ ਕੇ ਸੋਹਿਲੇ ਗਾਵੀਅਹਿ ਨਾਨਕ ਰਤੁ ਕਾ ਕੁੰਗੂ ਪਾਇ ਵੇ ਲਾਲੋ ॥ ੧ ॥

ਵਿਧੀ—ਇਸ ਸ਼ਬਦ ਨੂੰ ੧੦੮ ਦਿਨ ਰੋਜ਼ਾਨਾ ਇਕ ਸੌ ਅੱਠ ਵਾਰ ਜਪਣ ਨਾਲ ਵਡੇ ਤੋਂ ਵਡਾ ਹੰਕਾਰੀ ਦੁਸ਼ਮਨ ਸ਼ਰਨ ਪੈ ਜਾਏਗਾ।

## ਸ਼ਬਦ ਨੰ: ੧੩੪
### ਸੋਰਠਿ ਮਹਲਾ ੫ ॥

ਗਏ ਕਲੇਸ ਰੋਗ ਸਭਿ ਨਾਸੇ ਪ੍ਰਭਿ ਅਪੁਨੈ ਕਿਰਪਾ ਧਾਰੀ॥ ਆਠ ਪਹਰ ਅਰਾਧਹੁ ਸੁਆਮੀ ਪੂਰਨ ਘਾਲ ਹਮਾਰੀ ॥ ੧ ॥ ਹਰਿ ਜੀਉ ਤੂ ਸੁਖ ਸੰਪਤਿ ਰਾਸਿ ॥ ਰਾਖਿ ਲੈਹੁ ਭਾਈ ਮੇਰੇ ਕਉ ਪ੍ਰਭ ਆਗੈ ਅਰਦਾਸਿ ॥ ਰਹਾਉ ॥ ਜੋ ਮਾਗਉ ਸੋਈ ਸੋਈ ਪਾਵਉ ਅਪਨੇ ਖਸਮ ਭਰੋਸਾ ॥ ਕਹੁ ਨਾਨਕ ਗੁਰੁ ਪੂਰਾ ਭੇਟਿਓ ਮਿਟਿਓ ਸਗਲ ਅੰਦੇਸਾ ॥ ੨ ॥ ੧੪ ॥ ੪੨ ॥

ਵਿਧੀ—ਇਸ ਸ਼ਬਦ ਦੇ ੪੦ ਦਿਨ ਹਰ ਰੋਜ਼ ੨੧ ਪਾਠ ਕਰਨ ਨਾਲ ਘਰ ਵਿਚੋਂ ਦੁਖ ਕਲੇਸ਼ ਹਟੇ ਤੇ ਸੁਖ ਸ਼ਾਂਤੀ ਵਰਤੇ।

Digitized by Panjab Digital Library / www.panjabdigilib.org

## ਸ਼ਬਦ ਨੰ: ੧੩੫
### ਭੈਰਉ ਮਹਲਾ ੫॥

ਨਾਮੁ ਲੈਤ ਕਿਛੁ ਬਿਘਨੁ ਨ ਲਾਗੈ॥ ਨਾਮੁ ਸੁਣਤ ਜਮੁ ਦੂਰਹੁ ਭਾਗੈ॥ ਨਾਮੁ ਲੈਤ ਸਭ ਦੂਖਹ ਨਾਸੁ॥ ਨਾਮੁ ਜਪਤ ਹਰਿ ਚਰਣ ਨਿਵਾਸੁ॥ ੧॥ ਨਿਰਬਿਘਨ ਭਗਤਿ ਭਜੁ ਹਰਿ ਹਰਿ ਨਾਉ॥ ਰਸਕਿ ਰਸਕਿ ਹਰਿ ਕੇ ਗੁਣ ਗਾਉ॥ ੧॥ ਰਹਾਉ॥ ਹਰਿ ਸਿਮਰਤ ਕਿਛੁ ਚਾਖੁ ਨ ਜੋਹੈ॥ ਹਰਿ ਸਿਮਰਤ ਦੈਤ ਦੇਉ ਨ ਪੋਹੈ॥ ਹਰਿ ਸਿਮਰਤ ਮੋਹੁ ਮਾਨੁ ਨ ਬਧੈ॥ ਹਰਿ ਸਿਮਰਤ ਗਰਭ ਜੋਨਿ ਨ ਰੁਧੈ॥੨॥ ਹਰਿ ਸਿਮਰਨ ਕੀ ਸਗਲੀ ਬੇਲਾ॥ ਹਰਿ ਸਿਮਰਨੁ ਬਹੁ ਮਾਹਿ ਇਕੇਲਾ॥ ਜਾਤਿ ਅਜਾਤਿ ਜਪੈ ਜਨੁ ਕੋਇ॥ ਜੋ ਜਾਪੈ ਤਿਸਕੀ ਗਤਿ ਹੋਇ॥ ੩॥ ਹਰਿ ਕਾ ਨਾਮੁ ਜਪੀਐ ਸਾਧ ਸੰਗਿ॥ ਹਰਿ ਕੇ ਨਾਮ ਕਾ ਪੂਰਨ ਰੰਗੁ॥ ਨਾਨਕ ਕਉ ਪ੍ਰਭ ਕਿਰਪਾ ਧਾਰਿ॥ ਸਾਸਿ ਸਾਸਿ ਹਰਿ ਦੇਹੁ ਚਿਤਾਰਿ॥੪॥

ਵਿਧੀ–ਇਸ ਸ਼ਬਦ ਦਾ ਪਾਠ ਹਰ ਰੋਜ਼ ਚਾਲੀ ਵਾਰ ਕਰਨ ਨਾਲ ਸਾਰੇ ਵਿਘਨ ਕੱਟੇ ਜਾਂਦੇ ਹਨ। ਸਤਿਗੁਰੂ ਦੀ ਮਿਹਰ ਨਾਲ ਸਭ ਸੰਕਟ ਆਪਣੇ ਆਪ ਹੀ ਦੂਰ ਹੋ ਜਾਂਦੇ ਹਨ। ਸੁਖ ਸ਼ਾਂਤੀ ਵਰਤ ਜਾਂਦੀ ਹੈ। ਭੂਤ ਪਰੇਤ ਦਾ ਸਾਇਆ ਨਾਸ ਹੋ ਜਾਂਦਾ ਹੈ।

## ਸ਼ਬਦ ਨੰ: ੧੩੬
### ਮਾਝ ਮਹਲਾ ੫॥

ਐਥੈ ਤੂੰ ਹੈ ਆਗੈ ਆਪੇ॥ ਜੀਅ ਜੰਤ ਸਭਿ ਤੇਰੇ ਥਾਪੇ॥ ਤੁਧੁ ਬਿਨੁ ਅਵਰੁ ਨ ਕੋਈ ਕਰਤੇ ਮੈ ਧਰ ਓਟ ਤੁਮਾਰੀ ਜੀਉ॥੧॥ਰਸਨਾ ਜਪਿ ਜਪਿ ਜੀਵੈ ਸੁਆਮੀ॥ ਪਾਰਬ੍ਰਹਮ ਪ੍ਰਭ ਅੰਤਰਜਾਮੀ॥ ਜਿਨਿ ਸੇਵਿਆ ਤਿਨ ਹੀ ਸੁਖੁ ਪਾਇਆ ਸੋ ਜਨਮੁ ਨ ਜੂਐ ਹਾਰੀ ਜੀਉ॥ ੨॥ ਨਾਮੁ ਅਵਖਧੁ ਜਿਨਿ ਜਨ

Digitized by Panjab Digital Library / www.panjabdigilib.org

ਤੇਰੇ ਪਾਇਆ ॥ ਜਨਮ ਜਨਮ ਕਾ ਰੋਗੁ ਗਵਾਇਆ॥ ਹਰਿ ਕੀਰਤਨੁ ਗਾਵਹੁ ਦਿਨੁ ਰਾਤੀ ਸਫਲ ਏਹਾ ਹੈ ਕਾਰੀ ਜੀਉ ॥੩॥ ਦ੍ਰਿਸਟਿ ਧਾਰਿ ਅਪਨਾ ਦਾਸ ਸਵਾਰਿਆ ॥ ਘਟ ਘਟ ਅੰਤਰਿ ਪਾਰਬ੍ਰਹਮ ਨਮਸਕਾਰਿਆ॥ਇਕਸੁ ਵਿਣੁ ਹੋਰੁ ਦੂਜਾ ਨਾਹੀ ਬਾਬਾ ਨਾਨਕ ਇਹ ਮਤਿ ਸਾਰੀ ਜੀਉ ॥ ੪ ॥ ੩੯ ॥ ੪੬ ॥

ਵਿਧੀ–ਇਸ ਸ਼ਬਦ ਨੂੰ ੪੧ ਦਿਨ ਰੋਜ਼ਾਨਾ ੪੧ ਵਾਰੀ ਜਪਣ ਨਾਲ ਸਭ ਰੋਗਾਂ ਤੇ ਮੁਸੀਬਤਾਂ ਤੋਂ ਛੁਟਕਾਰਾ ਮਿਲੇ।

## ਸ਼ਬਦ ਨੰ: ੧੩੭

### ਮਾਝ ਮਹਲਾ ੫ ॥

ਮੀਹੁ ਪਾਇਆ ਪਰਮੇਸਰਿ ਪਾਇਆ॥ਜੀਅਜੰਤ ਸਭਿ ਸੁਖੀ ਵਸਾਇਆ॥ ਗਇਆ ਕਲੇਸੁ ਭਇਆ ਸੁਖੁ ਸਾਚਾ ਹਰਿ ਹਰਿ ਨਾਮੁ ਸਮਾਲੀ ਜੀਉ ॥੧॥ ਜਿਸ ਕੇ ਸੇ ਤਿਨ ਹੀ ਪ੍ਰਤਿਪਾਰੇ॥ ਪਾਰਬ੍ਰਹਮ ਪ੍ਰਭ ਭਏ ਰਖਵਾਰੇ॥ ਸੁਣੀ ਬੇਨੰਤੀ ਠਾਕੁਰਿ ਮੇਰੈ ਪੂਰਨ ਹੋਈ ਘਾਲੀ ਜੀਉ ॥ ੨ ॥ ਸਰਬ ਜੀਆ ਕਉ ਦੇਵਣਹਾਰਾ ॥ ਗੁਰ ਪਰਸਾਦੀ ਨਦਰਿ ਨਿਹਾਰਾ॥ ਜਲ ਥਲ ਮਹੀਅਲਿ ਸਭਿ ਤ੍ਰਿਪਤਾਣੇ ਸਾਧੂ ਚਰਨ ਪਖਾਲੀ ਜੀਉ ॥੩॥ ਮਨ ਕੀ ਇਛ ਪੁਜਾਵਣਹਾਰਾ॥ ਸਦਾ ਸਦਾ ਜਾਈ ਬਲਿਹਾਰਾ॥ ਨਾਨਕ ਦਾਨੁ ਕੀਆ ਦੁਖ ਭੰਜਨਿ ਰਤੇ ਰੰਗਿ ਰਸਾਲੀ ਜੀਉ ॥ ੪ ॥ ੩੨ ॥ ੩੯ ॥

ਵਿਧੀ–ਜਦ ਕਦੇ ਮੀਂਹ ਨਾ ਪਵੇ, ਔੜ ਲਗ ਜਾਵੇ, ਤਦ ਇਸ ਸ਼ਬਦ ਦਾ ਪਾਠ ਆਪਣੇ ਖੇਤਾਂ ਵਿਚ ਬੈਠਕੇ ਕੁਛ ਦਿਨ ਕਰਦੇ ਰਹੋ। ਸਤਿਗੁਰੂ ਦੀ ਕ੍ਰਿਪਾ ਹੋਵੇਗੀ, ਬਿਅੰਤ ਵਰਖਾ ਹੋਵੇ ਤੇ ਅੰਨ ਦਾਣਾ ਜ਼ਿਆਦਾ ਹੋਵੇ।

## ਸ਼ਬਦ ਨੰ: ੧੩੮

### ਰਾਗੁ ਗਉੜੀ ਮਹਲਾ ੫ ॥

ਕਾਹੇ ਰੇ ਮਨ ਚਿਤਵਹਿ ਉਦਮੁ ਜਾ ਆਹਰਿ ਹਰਿ ਜੀਉ, ਪਰਿਆ ॥

Digitized by Panjab Digital Library | www.panjabdigilib.org

ਸੈਲ ਪਥਰ ਮਹਿ ਜੰਤ ਉਪਾਏ ਤਾਕਾ ਰਿਜਕੁ ਆਗੈ ਕਰਿ ਧਰਿਆ ॥੧॥ ਮੇਰੇ ਮਾਧਉ ਜੀ ਸਤਸੰਗਤਿ ਮਿਲੇ ਸੁ ਤਰਿਆ॥ਗੁਰ ਪਰਸਾਦਿ ਪਰਮਪਦਪਾਇਆ ਸੂਕੇ ਕਾਸਟ ਹਰਿਆ ॥੧॥ ਰਹਾਉ॥ ਜਨਨਿ ਪਿਤਾ ਲੋਕ ਸੁਤ ਬਨਿਤਾ ਕੋਇ ਨ ਕਿਸ ਕੀ ਧਰਿਆ ॥ ਸਿਰਿ ਸਿਰਿ ਰਿਜਕੁ ਸੰਬਾਹੇ ਠਾਕੁਰ ਕਾਹੇ ਮਨ ਭਉ ਕਰਿਆ ॥੨॥ ਊਡੇ ਊਡਿ ਆਵੈ ਸੈ ਕੋਸਾ ਤਿਸੁ ਪਾਛੈ ਬਚਰੇ ਛਰਿਆ । ਤਿਨ ਕਵਣੁ ਖਲਾਵੈ ਕਵਣੁ ਚੁਗਾਵੈ ਮਨ ਮਹਿ ਸਿਮਰਨੁ ਕਰਿਆ ॥ ੩ ॥ ਸਭ ਨਿਧਾਨ ਦਸਅਸਟ ਸਿਧਾਨ ਠਾਕੁਰ ਕਰ ਤਲ ਧਰਿਆ॥ ਜਨ ਨਾਨਕ ਬਲਿ ਬਲਿ ਸਦ ਬਲਿ ਜਾਈਐ ਤੇਰਾ ਅੰਤੁ ਨ ਪਾਰਾਵਰਿਆ ॥ ੪ ॥ ੫ ॥

ਵਿਧੀ—ਇਸ ਸ਼ਬਦ ਦਾ ੪੦ ਦਿਨ ੧੦੯ ਵਾਰ ਸਵੇਰੇ ਸੂਰਜ ਵੱਲ ਮੂੰਹ ਕਰਕੇ ਪਾਠ ਕਰੋ ਤਾਂ ਧਨ ਦੀ ਪ੍ਰਾਪਤੀ ਹੁੰਦੀ ਹੈ। ਨੌਂ ਨਿਧਾਂ ਤੇ ਅਠਾਰਾਂ ਸਿਧਾਂ ਘਰ ਵਿਚ ਆ ਜਾਂਦੀਆਂ ਹਨ।

## ਸ਼ਬਦ ਨੰ. ੧੩੯

### ਮਾਝ ਮਹਲਾ ੫ ॥

ਭਏ ਕ੍ਰਿਪਾਲ ਗੋਬਿੰਦ ਗੁਸਾਈ ॥ ਮੇਘੁ ਵਰਸੈ ਸਭਨੀ ਥਾਈ ॥ ਦੀਨ ਦਇਆਲ ਸਦਾ ਕ੍ਰਿਪਾਲਾ ਠਾਢਿ ਪਾਈ ਕਰਤਾਰੇ ਜੀਉ ॥੧॥ ਅਪੁਨੇ ਜੀਅ ਜੰਤ ਪ੍ਰਤਿਪਾਰੇ ॥ ਜਿਉ ਬਾਰਿਕ ਮਾਤਾ ਸੰਮਾਰੇ ॥ ਦੁਖ ਭੰਜਨ ਸੁਖ ਸਾਗਰ ਸੁਆਮੀ ਦੇਤ ਸਗਲ ਆਹਾਰੇ ਜੀਉ ॥ ੨ ॥ ਜਲਿ ਥਲਿ ਪੂਰਿ ਰਹਿਆ ਮਿਹਰਵਾਨਾ ॥ ਸਦ ਬਲਿਹਾਰਿ ਜਾਈਐ ਕੁਰਬਾਨਾ ॥ ਰੈਣਿ ਦਿਨਸੁ ਤਿਸੁ ਸਦਾ ਧਿਆਈ ਜਿ ਖਿਨ ਮਹਿ ਸਗਲ ਉਧਾਰੇ ਜੀਉ ॥ ੩ ॥ ਰਾਖਿ ਲੀਏ ਸਗਲੇ ਪ੍ਰਭਿ ਆਪੇ ॥ ਉਤਰਿ ਗਏ ਸਭ ਸੋਗ ਸੰਤਾਪੇ ॥ ਨਾਮੁ ਜਪਤ ਮਨੁ ਤਨੁ ਹਰੀਆਵਲੁ ਪ੍ਰਭ ਨਾਨਕ ਨਦਰਿ ਨਿਹਾਰੇ ਜੀਉ ॥ ੪ ॥ ੨੯ ॥ ੩੬ ॥

ਵਿਧੀ—ਇਸ ਸ਼ਬਦ ਨੂੰ ਇਕੋਤ੍ਰ ਸੌ ਦਿਨ ਇਕ ਸੌ ਅੱਠ ਵਾਰ ਰੋਜ਼ ਜਪੋ। ਸਮੇਂ ਸਿਰ ਮੀਂਹ ਪਵੇ,ਖੇਤੀ ਵਿਚ ਬੇਅੰਤ ਅਨਾਜ ਪੈਦਾ ਹੋਵੇ। ਹਰ ਪਾਸੇ

Digitized by Panjab Digital Library | www.panjabdigilib.org

ਹਰਿਆਵਲ ਹੀ ਹਰਿਆਵਲ ਨਜ਼ਰ ਆਵੇ। ਘਰ ਵਿਚ ਖੁਸ਼ਹਾਲੀ ਵਰਤੇ।

## ਸ਼ਬਦ ਨੰ: ੧੪੦

### ਰਾਗੁ ਗਉੜੀ ਚੇਤੀ ਬਾਣੀ ਨਾਮਦੇਉ ਜੀਉ ਕੀ

ੴ ਸਤਿਗੁਰ ਪ੍ਰਸਾਦਿ ॥

ਦੇਵਾ ਪਾਹਨ ਤਾਰੀਅਲੇ ॥ ਰਾਮ ਕਹਤ ਜਨ ਕਸ ਨ ਤਰੇ ॥ ੧ ॥ ਰਹਾਉ॥ਤਾਰੀਲੇ ਗਨਿਕਾ ਬਿਨੁ ਰੂਪ ਕੁਬਿਜਾ ਬਿਆਧਿ ਅਜਾਮਲੁ ਤਾਰੀਅਲੇ॥ ਚਰਨ ਬਧਿਕ ਜਨ ਤੇਊ ਮੁਕਤਿ ਭਏ॥ਹਉ ਬਲਿ ਬਲਿ ਜਿਨ ਰਾਮ ਕਹੇ ॥੧॥ ਦਾਸੀ ਸੁਤ ਜਨ ਬਿਦਰੁ ਸੁਦਾਮਾ ਉਗ੍ਰਸੈਨ ਕਉ ਰਾਜ ਦੀਏ॥ ਜਪ ਹੀਨ ਤਪ ਹੀਨ ਕੁਲ ਹੀਨ ਕ੍ਰਮ ਹੀਨ ਨਾਮੇ ਕੇ ਸੁਆਮੀ ਤੇਊ ਤਰੇ ॥ ੨ ॥ ੧ ॥

ਵਿਧੀ—ਇਸ ਸ਼ਬਦ ਦਾ ਇਕ ਸੌ ਅੱਠ ਦਿਨ ਹਰ ਰੋਜ਼ ਇਕ ਸੌ ਅੱਠ ਵਾਰ ਪਾਠ ਕਰਨ ਨਾਲ ਨਿਸਚੇ ਹੀ ਦੁਖ ਦਲਿੱਦਰ ਦੂਰ ਹੋਵਣ। ਦੁਖ ਭੁਖ ਅਤੇ ਗਰੀਬੀ ਤੋਂ ਛੁਟਕਾਰਾ ਹੋਵੇ।

## ਸ਼ਬਦ ਨੰ: ੧੪੧

### ਗਉੜੀ ਬੈਰਾਗਣਿ ਮਹਲਾ ੧ ॥

ਹਰਣੀ ਹੋਵਾ ਬਨਿ ਬਸਾ ਕੰਦ ਮੂਲ ਚੁਣਿ ਖਾਉ॥ ਗੁਰਪਰਸਾਦੀ ਮੇਰਾ ਸਹੁ ਮਿਲੈ ਵਾਰਿ ਵਾਰਿ ਹਉ ਜਾਉ ਜੀਉ ॥੧॥ ਮੈ ਬਨਜਾਰਨਿ ਰਾਮ ਕੀ ਤੇਰਾ ਨਾਮੁ ਵਖਰੁ ਵਾਪਾਰੁ ਜੀ ॥ ਕੋਕਿਲ ਹੋਵਾ ਅੰਬਿ ਬਸਾ ਸਹਜਿ ਸਬਦ ਬੀਚਾਰੁ ॥ ਸਹਜਿ ਸੁਭਾਇ ਮੇਰਾ ਸਹੁ ਮਿਲੈ ਦਰਸਨਿ ਰੂਪਿ ਅਪਾਰੁ ॥ ੨ ॥ ਮਛੁਲੀ ਹੋਵਾ ਜਲਿ ਬਸਾ ਜੀਅ ਜੰਤ ਸਭਿ ਸਾਰਿ ॥ ਉਰਵਾਰਿ,ਪਾਰਿ ਮੇਰਾ

Digitized by Panjab Digital Library / www.panjabdigilib.org

ਸਹੁ ਵਸੈ ਹਉ ਮਿਲਉਗੀ ਬਾਹ ਪਸਾਰਿ ॥ ੩ ॥ ਨਾਗਨਿ ਹੋਵਾ ਧਰ ਵਸਾ ਸਬਦੁ ਵਸੈ ਭਉ ਜਾਇ ॥ ਨਾਨਕ ਸਦਾ ਸੋਹਾਗਣੀ ਜਿਨ ਜੋਤੀ ਜੋਤਿ ਸਮਾਇ ॥ ੪ ॥ ੨ ॥

ਵਿਧੀ–ਇਸ ਸ਼ਬਦ ਨੂੰ ੪੦ ਦਿਨ ੧੦੯ ਵਾਰੀ ਰੋਜ਼ਾਨਾ ਪਾਠ ਕਰਕੇ ਸਿੱਧ ਕਰੋ। ਇਸ ਸ਼ਬਦ ਦੀ ਬਰਕਤ ਨਾਲ ਹਰ ਪ੍ਰਕਾਰ ਦੇ ਮਨੋਰਥ ਪੂਰੇ ਹੋ ਜਾਂਦੇ ਹਨ। ਘਰ ਵਿਚ ਮਾਇਆ ਦੀ ਲਹਿਰ ਬਹਿਰ ਹੋ ਜਾਂਦੀ ਹੈ।

## ਸ਼ਬਦ ਨੰ: ੧੪੨

### ਸਲੋਕੁ ॥

ਟੂਟੇ ਬੰਧਨ ਜਾਸੁ ਕੇ ਹੋਆ ਸਾਧੂ ਸੰਗੁ ॥
ਜੋ ਰਾਤੇ ਰੰਗ ਏਕ ਕੈ ਨਾਨਕ ਗੂੜਾ ਰੰਗੁ ॥ ੧ ॥

ਵਿਧੀ–ਇਸ ਸਲੋਕ ਨੂੰ ੪੦ ਦਿਨ ੧੦੯ ਵਾਰ ਹਰ ਰੋਜ਼ ਜਪਣ ਨਾਲ ਸਭ ਤਰ੍ਹਾਂ ਦੇ ਬੰਧਨ ਟੁੱਟ ਜਾਂਦੇ ਹਨ। ਕੈਦ ਤੋਂ ਰਿਹਾਈ ਮਿਲ ਜਾਂਦੀ ਹੈ ਅਤੇ ਮੁਕੱਦਮੇ ਵਿਚ ਜਿਤ ਹੁੰਦੀ ਹੈ।

## ਸ਼ਬਦ ਨੰ: ੧੪੩

### ਗੂਜਰੀ ਮਹਲਾ ੫ ॥

ਤੂੰ ਦਾਤਾ ਜੀਆ ਸਭਨਾ ਕਾ ਬਸਹੁ ਮੇਰੇ ਮਨ ਮਾਹੀ ॥ ਚਰਣ ਕਮਲ ਰਿਦ ਮਾਹਿ ਸਮਾਏ ਤਹ ਭਰਮੁ ਅੰਧੇਰਾ ਨਾਹੀ ॥ ੧ ॥ ਠਾਕੁਰ ਜਾ ਸਿਮਰਾ ਤੂੰ ਤਾਹੀ ॥ ਕਰਿ ਕਿਰਪਾ ਸਰਬ ਪ੍ਰਤਿਪਾਲਕ ਪ੍ਰਭ ਕਉ ਸਦਾ ਸਲਾਹੀ ॥੧॥ ਰਹਾਉ॥ ਸਾਸਿ ਸਾਸਿ ਤੇਰਾ ਨਾਮੁ ਸਮਾਰਉ ਤੁਮ ਹੀ ਕਉ ਪ੍ਰਭ ਆਹੀ॥ਨਾਨਕ ਟੇਕ ਭਈ ਕਰਤੇ ਕੀ ਹੋਰ ਆਸ ਬਿਡਾਣੀ ਲਾਹੀ ॥ ੨ ॥ ੧੧ ॥

ਵਿਧੀ–ਇਹ ਸ਼ਬਦ ਹਰ ਰੋਜ਼ ਇਕੋਤ੍ਰ ਸੌ ਦਿਨ ਇਕ ਸੌ ਅੱਠ ਵਾਰੀ

Digitized by Panjab Digital Library / www.panjabdigilib.org

ਜਪਣ ਨਾਲ ਹਰ ਤਰ੍ਹਾਂ ਦੇ ਦੁਨਿਆਵੀ ਪਦਾਰਥ ਤੇ ਸੁਖ ਪ੍ਰਾਪਤ ਹੋਵਣ। ਅੰਨ ਧਨ ਤੇ ਗਹਿਣੇ ਕਪੜੇ ਬੇਅੰਤ ਮਿਲਣ।

ਸ਼ਬਦ ਨੰ: ੧੪੪

ਟੋਡੀ ਮਹਲਾ ੫ ॥

ਕ੍ਰਿਪਾਨਿਧਿ ਬਸਹੁ ਰਿਦੈ ਹਰਿ ਨੀਤ ॥ ਤੈਸੀ ਬੁਧਿ ਕਰਹੁ ਪਰਗਾਸਾ ਲਾਗੈ ਪ੍ਰਭ ਸੰਗਿ ਪ੍ਰੀਤਿ॥ ਰਹਾਉ॥ ਦਾਸ ਤੁਮਾਰੇ ਕੀ ਪਾਵਉ ਧੂਰਾ ਮਸਤਕਿ ਲੇ ਲੇ ਲਾਵਉ॥ ਮਹਾ ਪਤਿਤ ਤੇ ਹੋਤ ਪੁਨੀਤਾ ਹਰਿ ਕੀਰਤਨ ਗੁਨ ਗਾਵਉ ॥੧॥ ਆਗਿਆ ਤੁਮਰੀ ਮੀਠੀ ਲਾਗਉ ਕੀਓ ਤੁਹਾਰੋ ਭਾਵਉ ॥ ਜੋ ਤੂ ਦੇਹਿ ਤਹੀ ਇਹੁ ਤ੍ਰਿਪਤੈ ਆਨ ਨ ਕਤਹੂ ਧਾਵਉ ॥ ੨ ॥ ਸਦਹੀ ਨਿਕਟਿ ਜਾਨਉ ਪ੍ਰਭ ਸੁਆਮੀ ਸਗਲ ਰੇਣਿ ਹੋਇ ਰਹੀਐ ॥ ਸਾਧੂ ਸੰਗਤਿ ਹੋਇ ਪਰਾਪਤ ਤਾ ਪ੍ਰਭੁ ਅਪੁਨਾ ਲਹੀਐ ॥੩॥ ਸਦਾ ਸਦਾ ਹਮ ਛੋਹਰੇ ਤੁਮਰੇ ਤੂ ਪ੍ਰਭੁ ਹਮਰੋ ਮੀਰਾ ॥ ਨਾਨਕ ਬਾਰਿਕ ਤੁਮ ਮਾਤ ਪਿਤਾ ਮੁਖਿ ਨਾਮੁ ਤੁਮਾਰੋ ਖੀਰਾ ॥ ੪ ॥ ੩ ॥ ੫॥

ਵਿਧੀ–ਇਸ ਸ਼ਬਦ ਦਾ ੪੧ ਦਿਨ ੪੧ ਵਾਰ ਹਰ ਰੋਜ਼ ਪਾਠ ਕਰਨ ਨਾਲ ਭਟਕਦੇ ਮਨ ਨੂੰ ਸ਼ਾਂਤੀ ਪ੍ਰਾਪਤ ਹੁੰਦੀ ਹੈ ਤੇ ਦੁਨਿਆਵੀ ਤ੍ਰਿਸ਼ਨਾ ਨਾਸ ਹੋ ਜਾਂਦੀ ਹੈ। ਹਿਰਦੇ ਵਿਚ ਪ੍ਰਭੂ ਦਾ ਨਿਵਾਸ ਹੁੰਦਾ ਹੈ।

ਸ਼ਬਦ ਨੰ: ੧੪੫

ਗਉੜੀ ਮਹਲਾ ੫ ॥

ਸੂਕੇ ਹਰੇ ਕੀਏ ਖਿਨ ਮਾਹੇ ॥ ਅੰਮ੍ਰਿਤ ਦ੍ਰਿਸਟਿ ਸੰਚਿ ਜੀਵਾਏ ॥ ੧ ॥ ਕਾਟੇ ਕਸਟ ਪੂਰੇ ਗੁਰਦੇਵ॥ ਸੇਵਕ ਕਉ ਦੀਨੀ ਅਪੁਨੀ ਸੇਵ ॥੧॥ ਰਹਾਉ॥ ਮਿਟਿ ਗਈ ਚਿੰਤ ਪੁਨੀ ਮਨ ਆਸਾ॥ ਕਰੀ ਦਇਆ ਸਤਿਗੁਰਿ ਗੁਣਤਾਸਾ॥੨॥ ਦੁਖ ਨਾਠੇ ਸੁਖ ਆਇ ਸਮਾਏ ॥ ਢੀਲ ਨ ਪਰੀ ਜਾ ਗੁਰਿ ਫੁਰਮਾਏ ॥ ੩ ॥

Digitized by Panjab Digital Library / www.panjabdigilib.org

ਇਛ ਪੁਨੀ ਪੂਰੇ ਗੁਰ ਮਿਲੇ ॥ ਨਾਨਕ ਤੇ ਜਨ ਸੁਫਲ ਫਲੇ ॥੪॥੫੮॥

ਵਿਧੀ—ਇਸ ਸ਼ਬਦ ਨੂੰ ੪੦ ਦਿਨਾਂ ਵਿਚ ਵੀਹ ਹਜ਼ਾਰ ਜਪਕੇ ਸਿਧ ਕਰਨਾ। ਕੋਲ ਜਲ ਦਾ ਭਾਂਡਾ ਰਖਣਾ। ਇਸ ਜਲਦਾ ਅੰਮ੍ਰਿਤ ਸੁੱਕੇ ਬੱਚਿਆਂ ਨੂੰ ਦੇਣਾ ਤੇ ਇਸ਼ਨਾਨ ਕਰਾਉਣਾ। ਸੁੱਕੇ ਬੱਚੇ ਹਰੇ ਹੋਣ ਤੇ ਸਭਰੋਗਦੂਰ ਹੋਣ।

## ਸ਼ਬਦ ਨੰ: ੧੪੬

### ਬਿਲਾਵਲੁ ਮਹਲਾ ੫ ॥

ਸੁਲਹੀ ਤੇ ਨਾਰਾਇਣ ਰਾਖੁ॥ ਸੁਲਹੀ ਕਾ ਹਾਥੁ ਕਹੀ ਨ ਪਹੁਚੈ ਸੁਲਹੀ ਹੋਇ ਮੂਆ ਨਾਪਾਕ ॥ ੧ ॥ ਰਹਾਉ ॥ ਕਾਢਿ ਕੁਠਾਰੁ ਖਸਮਿ ਸਿਰੁ ਕਾਟਿਆ ਖਿਨ ਮਹਿ ਹੋਇ ਗਇਆ ਹੈ ਖਾਕੁ ॥ ਮੰਦਾ ਚਿਤਵਤ ਚਿਤਵਤ ਪਚਿਆ ਜਿਨਿ ਰਚਿਆ ਤਿਨਿ ਦੀਨਾ ਧਾਕੁ ॥੧॥ ਪੁਤ੍ਰ ਮੀਤ ਧਨੁ ਕਿਛੂ ਨ ਰਹਿਓ ਸੁ ਛੋਡਿ ਗਇਆ ਸਭ ਭਾਈ ਸਾਕੁ॥ਕਹੁ ਨਾਨਕ ਤਿਸੁਪ੍ਰਭਬਲਿਹਾਰੀ ਜਿਨਿ ਜਨ ਕਾ ਕੀਨੋ ਪੂਰਨ ਵਾਕੁ ॥ ੨ ॥ ੧੮ ॥ ੧੦੪ ॥

## ਸ਼ਬਦ ਨੰ: ੧੪੭

### ਮਾਝ ਮਹਲਾ ੧ ॥

ਨਿਧਿ ਸਿਧਿ ਰਿਧਿ ਹਰਿ ਹਰਿ ਹਰਿ ਮੇਰੈ ॥ ਜਨਮੁ ਪਦਾਰਥੁ ਗਹਿਰ ਗੰਭੀਰੈ ॥ ਲਾਖ ਕੋਟਿ ਖੁਸੀਆ ਰੰਗ ਰਾਵੈ ਜੋ ਗੁਰ ਲਾਗਾ ਪਾਈ ਜੀਉ ॥੧॥ ਦਰਸਨੁ ਪੇਖਤ ਭਏ ਪੁਨੀਤਾ॥ ਸਗਲ ਉਧਾਰੇ ਭਾਈ ਮੀਤਾ॥ਅਗਮ ਅਗੋਚਰ ਸੁਆਮੀ ਅਪੁਨਾ ਗੁਰ ਕਿਰਪਾ ਤੇ ਸਚੁ ਧਿਆਈ ਜੀਉ ॥੨॥ ਜਾ ਕਉ ਖੋਜਹਿ ਸਰਬ ਉਪਾਏ॥ ਵਡਭਾਗੀ ਦਰਸਨੁ ਕੋ ਵਿਰਲਾ ਪਾਏ॥ਊਚ ਅਪਾਰ ਅਗੋਚਰ

Digitized by Panjab Digital Library / www.panjabdigilib.org

ਥਾਨਾ ਓਹੁ ਮਹਲੁ ਗੁਰੂ ਦੇਖਾਈ ਜੀਉ॥ ੩ ॥ ਗਹਿਰ ਗੰਭੀਰ ਅੰਮ੍ਰਿਤੁ ਨਾਮੁ ਤੇਰਾ ॥ ਮੁਕਤਿ ਭਇਆ ਜਿਸੁ ਰਿਦੈ ਵਸੇਰਾ ॥ ਗੁਰਿ ਬੰਧਨ ਤਿਨ ਕੇ ਸਗਲੇ ਕਾਟੇ ਜਨ ਨਾਨਕ ਸਹਜਿ ਸਮਾਈ ਜੀਉ ॥ ੪ ॥ ੧੬ ॥ ੨੩ ॥

ਵਿਧੀ–ਇਹ ਸ਼ਬਦ ੪੦ ਦਿਨ ੬੦ ਵਾਰ ਰੋਜ਼ ਜਪੇ। ਘਰ ਵਿਚ ਬੇਅੰਤ ਮਾਇਆ ਆਵੈ। ਨੌਂ ਨਿਧਾਂ ਤੇ ਅਠਾਰਾਂ ਸਿਧਾਂ ਹੋਵਣ।

## ਸ਼ਬਦ ਨੰ: ੧੪੯

## ਰਾਗੁ ਗਉੜੀ ਪੂਰਬੀ ਮਹਲਾ ੫ ॥

## ੧ ੴ ਸਤਿਗੁਰ ਪ੍ਰਸਾਦਿ ॥

ਹਰਿ ਹਰਿ ਕਬਹੂ ਨ ਮਨਹੁ ਬਿਸਾਰੇ ॥ ਈਹਾ ਊਹਾ ਸਰਬ ਸੁਖਦਾਤਾ ਸਗਲ ਘਟਾ ਪ੍ਰਤਿਪਾਰੇ ॥੧॥ ਰਹਾਉ ॥ ਮਹਾ ਕਸਟ ਕਾਟੇ ਖਿਨ ਭੀਤਰਿ ਰਸਨਾ ਨਾਮੁ ਚਿਤਾਰੇ ॥ ਸੀਤਲ ਸਾਂਤਿ ਸੂਖ ਹਰਿ ਸਰਣੀ ਜਲਤੀ ਅਗਨਿ ਨਿਵਾਰੇ ॥ ੧ ॥ ਗਰਭ ਕੁੰਡ ਨਰਕ ਤੇ ਰਾਖੈ ਭਵਜਲੁ ਪਾਰਿ ਉਤਾਰੇ ॥ ਚਰਨ ਕਮਲ ਆਰਾਧਤ ਮਨ ਮਹਿ ਜਮ ਕੀ ਤ੍ਰਾਸ ਬਿਦਾਰੇ ॥ ੨॥ ਪੂਰਨ ਪਾਰਬ੍ਰਹਮ ਪਰਮੇਸੁਰ ਊਚਾ ਅਗਮ ਅਪਾਰੇ ॥ ਗੁਣ ਗਾਵਤ ਧਿਆਵਤ ਸੁਖ ਸਾਗਰ ਜੂਏ ਜਨਮੁ ਨ ਹਾਰੇ ॥ ੩ ॥ ਕਾਮ ਕ੍ਰੋਧਿ ਲੋਭਿ ਮੋਹਿ ਮਨੁ ਲੀਨੋ ਨਿਰਗੁਣ ਕੇ ਦਾਤਾਰੇ ॥ ਕਰਿ ਕਿਰਪਾ ਅਪੁਨੋ ਨਾਮੁ ਦੀਜੈ ਨਾਨਕ ਸਦ ਬਲਿਹਾਰੇ ॥ ੪ ॥ ੧ ॥ ੧੩੮ ॥

ਵਿਧੀ–ਇਸ ਸ਼ਬਦ ਦੇ ਇਕੱਤ੍ਰ ਸੌ ਦਿਨ ਇਕਤਾਲੀ ਪਾਠ ਹਰ ਰੋਜ਼ ਕਰੇ। ਸਭ ਡਰ, ਕਸ਼ਟ ਤੇ ਸੰਕਟ ਨਵਿਰਤ ਹੋਵਣ ਤੇ ਜੀਵਨ ਸੁਖੀ ਬਤੀਤ ਹੋਵੇ। ਘਰ ਵਿਚ ਸੁਖ ਸ਼ਾਂਤੀ ਵਰਤੇ।

Digitized by Panjab Digital Library / www.panjabdigilib.org

### ਸ਼ਬਦ ਨੰ: ੧੪੯
### ਆਸਾ ਮਹਲਾ ੫ ॥

ਪ੍ਰਥਮੇ ਮਤਾ ਜਿ ਪਤ੍ਰੀ ਚਲਾਵਉ॥ ਦੁਤੀਏ ਮਤਿ ਦੁਇ ਮਾਨੁਖ ਪਹੁਚਾਵਉ॥ ਤ੍ਰਿਤੀਏ ਮਤਾ ਕਿਛੁ ਕਰਉ ਉਪਾਇਆ॥ ਮੈ ਸਭ ਕਿਛੁ ਛੋਡਿ ਪ੍ਰਭ ਤੁਹੀ ਧਿਆਇਆ॥੧॥ ਮਹਾ ਅਨੰਦ ਅਚਿੰਤ ਸਹਜਾਇਆ॥ ਦੁਸਮਨ ਦੂਤ ਮੁਏ ਸੁਖੁ ਪਾਇਆ॥੧॥ ਰਹਾਉ॥ ਸਤਿਗੁਰਿ ਮੋਕਉ ਦੀਆ ਉਪਦੇਸੁ॥ ਜੀਉ ਪਿੰਡੁ ਸਭੁ ਹਰਿ ਕਾ ਦੇਸੁ॥ ਜੋ ਕਿਛੁ ਕਰੀ ਸੁ ਤੇਰਾ ਤਾਣੁ॥ ਤੂੰ ਮੇਰੀ ਓਟ ਤੂੰਹੈ ਦੀਬਾਣੁ॥੨॥ ਤੁਧਨੋ ਛੋਡਿ ਜਾਈਐ ਪ੍ਰਭ ਕੈਂ ਧਰਿ॥ ਆਨ ਨ ਬੀਆ ਤੇਰੀ ਸਮਸਰਿ॥ ਤੇਰੇ ਸੇਵਕ ਕਉ ਕਿਸ ਕੀ ਕਾਣਿ॥ ਸਾਕਤੁ ਭੂਲਾ ਫਿਰੈ ਬੇਬਾਣਿ॥੩॥ ਤੇਰੀ ਵਡਿਆਈ ਕਹੀ ਨ ਜਾਇ॥ ਜਹ ਕਹ ਰਾਖਿ ਲੈਹਿ ਗਲਿ ਲਾਇ। ਨਾਨਕ ਦਾਸ ਤੇਰੀ ਸਰਣਾਈ॥ ਪ੍ਰਭ ਰਾਖੀ ਪੈਜ ਵਜੀ ਵਧਾਈ॥੪॥੫॥

ਵਿਧੀ–ਇਸ ਸ਼ਬਦ ਦੇ ੪੧ ਦਿਨ ੧੦੮ ਪਾਠ ਹਰ ਰੋਜ਼ ਕਰਨ ਨਾਲ ਅਦਾਲਤ ਵਿਚੋਂ ਮੁਕੱਦਮਾ ਜਿਤਿਆ ਜਾਏ। ਜਿਸ ਦਿਨ ਮੁਕੱਦਮੇ ਦੀ ਤਰੀਕ ਹੋਵੇ, ਉਸ ਦਿਨ ਤਰੀਕ ਭੁਗਤਦਿਆਂ ਇਸ ਸ਼ਬਦ ਦਾ ਪਾਠ ਕਰਦੇ ਰਹੋ। ਅਵੱਸ਼ ਫਤਹ ਹੋਵੇਗੀ। ਮੁਕੱਦਮੇ ਦਾ ਫੈਸਲਾ ਤੁਹਾਡੇ ਹੱਕ ਵਿਚ ਹੋਵੇਗਾ।

### ਸ਼ਬਦ ਨੰ: ੧੫੦
### ਧਨਾਸਰੀ ਮਹਲਾ ੫ ॥

ਚਤੁਰ ਦਿਸਾ ਕੀਨੋ ਬਲੁ ਅਪਨਾ ਸਿਰ ਊਪਰਿ ਕਰੁ ਧਾਰਿਓ॥ ਕ੍ਰਿਪਾਕਟਾਖ੍ ਅਵਲੋਕਨੁ ਕੀਨੋ ਦਾਸ ਕਾ ਦੂਖੁ ਬਿਦਾਰਿਓ॥੧॥ ਹਰਿ ਜਨ ਰਾਖੇ ਗੁਰ ਗੋਵਿੰਦ॥ ਕੰਠਿ ਲਾਇ ਅਵਗੁਣ ਸਭਿ ਮੇਟੇ ਦਇਆਲ ਪੁਰਖ

Digitized by Panjab Digital Library / www.panjabdigilib.org

ਬਖਸੰਦਾ॥ ਰਹਾਉ॥ ਜੋ ਮਾਗਹਿ ਠਾਕੁਰ ਅਪੁਨੇ ਤੇ ਸੋਈ ਸੋਈ ਦੇਵੈ ॥ ਨਾਨਕ ਦਾਸੁ ਮੁਖ ਤੇ ਜੋ ਬੋਲੈ ਈਹਾ ਊਹਾ ਸਚੁ ਹੋਵੈ ॥ ੨ ॥ ੧੪ ॥ ੪੫ ॥

ਵਿਧੀ–ਇਸ ਸਬਦ ਨੂੰ ਅੰਮ੍ਰਿਤ ਵੇਲੇ ਇਸ਼ਨਾਨ ਕਰਕੇ ੪੦ ਵਾਰੀ ਹਰ ਰੋਜ਼ ਜਪਣ ਨਾਲ ਮਨ ਦੀਆਂ ਸਭ ਇਛਾਵਾਂ ਪੂਰਨ ਹੁੰਦੀਆਂ ਹਨ। ਸਤਿਗੁਰੂ ਜੀ ਦਾ ਮਿਹਰ ਭਰਿਆ ਹੱਥ ਸਦਾ ਸਿਰ ਤੇ ਰਹਿੰਦਾ ਹੈ।

## ਸ਼ਬਦ ਨੰ: ੧੫੧

### ਧਨਾਸਰੀ ਮਹਲਾ ੫ ॥

ਜਨ ਕੀ ਕੀਨੀ ਪਾਰਬ੍ਰਹਮਿ ਸਾਰ ॥ ਨਿੰਦਕ ਟਿਕਨੁ ਨ ਪਾਵਨਿ ਮੂਲੇ ਊਡਿ ਗਏ ਬੇਕਾਰ ॥ ੧ ॥ ਰਹਾਉ ॥ ਜਹ ਜਹ ਦੇਖਉ ਤਹ ਤਹ ਸੁਆਮੀ ਕੋਇ ਨ ਪਹੁਚਨਹਾਰ॥ ਜੋ ਜੋ ਕਰੈ ਅਵਗਿਆ ਜਨ ਕੀ ਹੋਇ ਗਇਆ ਤਤ ਛਾਰ ॥ ੧॥ ਕਰਨਹਾਰੁ ਰਖਵਾਲਾ ਹੋਆ ਜਾਕਾ ਅੰਤੁ ਨ ਪਾਰਾਵਾਰ ॥ ਨਾਨਕ ਦਾਸ ਰਖੇ ਪ੍ਰਭਿ ਅਪੁਨੈ ਨਿੰਦਕ ਕਾਢੇ ਮਾਰਿ ॥ ੨ ॥ ੨੧ ॥ ੫੨ ॥

ਵਿਧੀ–ਇਹ ਸ਼ਬਦ ੨੧ ਵਾਰੀ ਚਾਲੀ ਦਿਨ ਰੋਜ਼ਾਨਾ ਜਪੋ। ਨਿੰਦਕ, ਦੁਸ਼ਟ ਤੇ ਵੈਰੀ ਨਾਸ ਹੋਵਣ।

## ਸ਼ਬਦ ਨੰ: ੧੫੨

ਸੰਤ ਜਨਾ ਮਿਲਿ ਕਰਹੁ ਬੀਚਾਰੁ ॥ ਏਕੁ ਸਿਮਰਿ ਨਾਮ ਆਧਾਰੁ ॥ ਅਵਰਿ ਉਪਾਵ ਸਭਿ ਮੀਤ ਬਿਸਾਰਹੁ॥ਚਰਨ ਕਮਲ ਰਿਦ ਮਹਿ ਉਰਿ ਧਾਰਹੁ॥ ਕਰਨ ਕਾਰਨ ਸੋ ਪ੍ਰਭੁ ਸਮਰਥੁ ॥ ਦ੍ਰਿੜੁ ਕਰਿ ਗਹਹੁ ਨਾਮੁ ਹਰਿ ਵਥੁ ॥ ਇਹੁ ਧਨੁ ਸੰਚਹੁ ਹੋਵਹੁ ਭਗਵੰਤ॥ ਸੰਤ ਜਨਾ ਕਾ ਨਿਰਮਲ ਮੰਤ ॥ ਏਕ ਆਸ ਰਾਖਹੁ ਮਨ ਮਾਹਿ ॥ ਸਰਬ ਰੋਗ ਨਾਨਕ ਮਿਟਿ ਜਾਹਿ ॥ ੧ ॥

(ਸੁਖਮਨੀ ਮਹਲਾ ੫)

Digitized by Panjab Digital Library / www.panjabdigilib.org

ਵਿਧੀ–ਇਸ ਪਉੜੀ ਨੂੰ ੨੧ ਦਿਨ ੨੧ ਵਾਰੀ ਹਰ ਰੋਜ਼ ਜਪਣ ਨਾਲ ਸਭ ਰੋਗ ਦੂਰ ਹੋ ਜਾਂਦੇ ਹਨ। ਘਰ ਵਿਚ ਕੋਈ ਬੀਮਾਰੀ ਨਹੀਂ ਰਹਿੰਦੀ।

ਸ਼ਬਦ ਨੰ: ੧੫੩

ਗਉੜੀ ਮਹਲਾ ੫ ॥

ਭਏ ਕ੍ਰਿਪਾਲ ਸੁਆਮੀ ਮੇਰੇ ਤਿਤੁ ਸਾਚੈ ਦਰਬਾਰਿ ॥ ਸਤਿਗੁਰਿ ਤਾਪੁ ਗਵਾਇਆ ਭਾਈ ਠਾਂਢਿ ਭਈ ਸੰਸਾਰਿ॥ਆਪਣੇ ਜੀਅ ਜੰਤ ਆਪੇ ਰਾਖੇ ਜਮਹਿ ਕੀਓ ਹਟਤਾਰਿ ॥੧॥ ਹਰਿ ਕੇ ਚਰਣ ਰਿਦੈ ਉਰਿ ਧਾਰਿ ॥ ਸਦਾ ਸਦਾ ਕਲ ਪ੍ਰਭੁ ਸਿਮਰੀਐ ਭਾਈ ਦੁਖ ਕਿਲਬਿਖ ਕਾਟਣਹਾਰੁ ॥੧॥ ਰਹਾਉ ॥ ਤਿਸਕੀ ਸਰਣੀ ਉਬਰੈ ਭਾਈ ਜਿਨਿ ਰਚਿਆ ਸਭੁ ਕੋਇ ॥ ਕਰਣ ਕਾਰਣ ਸਮਰਥੁ ਸੋ ਭਾਈ ਸਚੈ ਸਚੀ ਸੋਇ॥ ਨਾਨਕ ਪ੍ਰਭੂ ਧਿਆਈਐ ਭਾਈ ਮਨੁ ਤਨੁ ਸੀਤਲੁ ਹੋਇ ॥ ੨ ॥ ੧੯ ॥ ੪੭ ॥

ਵਿਧੀ–ਇਹ ਸ਼ਬਦ ੪੦ ਦਿਨ ਇਕੋ ਵਾਰ ਹਰ ਰੋਜ਼ ਜਪਣ ਨਾਲ ਮਨ ਤੇ ਤਨ ਸ਼ਾਂਤ ਹੁੰਦਾ ਹੈ ਤੇ ਮਾਨਸਕ ਕਸ਼ਟ ਨਵਿਰਤ ਹੁੰਦੇ ਹਨ।

ਸ਼ਬਦ ਨੰ: ੧੫੪

ਸਲੋਕ ॥

ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ ॥ ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ ॥ ੧ ॥

ਵਿਧੀ–ਇਸ ਸਲੋਕ ਨੂੰ ਇਕੋਤ੍ਰ ਸੌ ਦਿਨ ਇਕੋਤ੍ਰ ਸੌ ਵਾਰ ਰੋਜ਼ ਜਪਣ ਨਾਲ ਗਿਆਨ ਦੀ ਪ੍ਰਾਪਤੀ ਹੁੰਦੀ ਹੈ। ਅਗਿਆਨ ਨਾਸ ਹੋ ਜਾਂਦਾ ਹੈ।

Digitized by Panjab Digital Library | www.panjabdigilib.org

## ਸ਼ਬਦ ਨੰ: ੧੫੫

### ਤਿਲੰਗ ਮਹਲਾ ੫ ਘਰੁ ੩ ॥

ਮਿਹਰਵਾਨ ਸਾਹਿਬ ਮਿਹਰਵਾਨੁ ॥ ਸਾਹਿਬ ਮੇਰਾ ਮਿਹਰਵਾਨੁ ॥ ਜੀਅ ਸਗਲ ਕਉ ਦੇਇ ਦਾਨ ॥ ੧ ॥ ਰਹਾਉ ॥ ਤੂ ਕਾਹੇ ਡੋਲਹਿ ਪ੍ਰਾਣੀਆ ਤੁਧੁ ਰਾਖੈਗਾ ਸਿਰਜਣਹਾਰੁ॥ ਜਿਨਿ ਪੈਦਾਇਸਿ ਤੂ ਕੀਆ ਸੋਈ ਦੇਇ ਆਧਾਰੁ॥੧॥ ਜਿਨਿ ਉਪਾਈ ਮੇਦਨੀ ਸੋਈ ਕਰਦਾ ਸਾਰ ॥ ਘਟਿ ਘਟਿ ਮਾਲਕੁ ਦਿਲਾ ਕਾ ਸਚਾ ਪਰਵਦਗਾਰ ॥੨॥ ਕੁਦਰਤਿ ਕੀਮ ਨ ਜਾਣੀਐ ਵਡਾ ਵੇਪਰਵਾਹੁ ॥ ਕਰਿ ਬੰਦੇ ਤੂੰ ਬੰਦਗੀ ਜਿਚਰੁ ਘਟ ਮਹਿ ਸਾਹੁ ॥ ੩ ॥ ਤੂ ਸਮਰਥੁ ਅਕਥੁ ਅਗੋਚਰੁ ਜੀਉ ਪਿੰਡੁ ਤੇਰੀ ਰਾਸਿ ॥ ਰਹਮ ਤੇਰੀ ਸੁਖੁ ਪਾਇਆ ਸਦਾ ਨਾਨਕ ਕੀ ਅਰਦਾਸਿ ॥ ੪ ॥ ੩ ॥

ਵਿਧੀ–ਇਹ ਸ਼ਬਦ ਇਕ ਸੌ ਅੱਠ ਦਿਨ ਇਕ ਸੌ ਅੱਠ ਵਾਰ ਰੋਜ਼ਾਨਾ ਜਪਣ ਨਾਲ ਪ੍ਰਭੂ ਦੀ ਮਿਹਰ ਪ੍ਰਾਪਤ ਹੋਵੇ। ਡੋਲਦੇ ਮਨ ਨੂੰ ਧੀਰਜ ਤੇ ਸ਼ਾਂਤੀ ਆਵੇ। ਬੇਰੁਜ਼ਗਾਰੀ ਦੂਰ ਹੋਵੇ। ਘਰ ਵਿਚ ਬੇਅੰਤ ਮਾਇਆ ਆਵੇ।

## ਸ਼ਬਦ ਨੰ: ੧੫੬

### ਜੈਤਸਰੀ ਮਹਲਾ ੫ ॥

ਆਇਓ ਅਨਿਕ ਜਨਮ ਭ੍ਰਮਿ ਸਰਣੀ॥ ਉਧਰੁ ਦੇਹ ਅੰਧ ਕੂਪ ਤੇ ਲਾਵਹੁ ਅਪੁਨੀ ਚਰਣੀ ॥ ੧ ॥ ਰਹਾਉ ॥ ਸਾਧ ਸੰਗਤਿ ਕੈ ਅੰਚਲਿ ਲਾਵਹੁ ਬਿਖਮ ਨਦੀ ਜਾਇ ਤਰਣੀ ॥੧॥ ਸੁਖ ਸੰਪਤਿ ਮਾਇਆ ਰਸ ਮੀਠੇ ਇਹ ਨਹੀ ਮਨ ਮਹਿ ਧਰਣੀ ॥ ਹਰਿ ਦਰਸਨ ਤ੍ਰਿਪਤਿ ਨਾਨਕ ਦਾਸ ਪਾਵਤ ਹਰਿ ਨਾਮ ਰੰਗ ਆਭਰਣੀ ॥ ੨ ॥ ੯ ॥

ਵਿਧੀ–ਇਸ ਸ਼ਬਦ ਨੂੰ ੪੦ ਦਿਨਾਂ ਵਿਚ ੪੦ ਹਜ਼ਾਰ ਜਪਣ ਨਾਲ

Digitized by Panjab Digital Library | www.panjabdigilib.org

ਚੌਰਾਸੀ ਦਾ ਗੇੜ ਕਟਿਆ ਜਾਂਦਾ ਹੈ। ਪਾਠ ਕਰਨ ਵਾਲਾ ਪੁਰਸ਼ ਆਪਣਾ ਜੀਵਨ ਪਵਿੱਤਰਤਾ ਵਾਲਾ ਬਤੀਤ ਕਰੇ। ਨਿਸਚੇ ਨਾਲ ਪਾਠ ਕਰਨ ਨਾਲ ਮੁਕਤੀ ਪ੍ਰਾਪਤ ਹੁੰਦੀ ਹੈ।

## ਸ਼ਬਦ ਨੰ: ੧੫੮

ਗਉੜੀ ਸੁਖਮਨੀ ਮਹਲਾ ੫ ॥

ਹਰਿ ਸਿਮਰਨੁ ਕਰਿ ਭਗਤ ਪ੍ਰਗਟਾਏ ॥ ਹਰਿ ਸਿਮਰਨਿ ਲਗਿ ਬੇਦ ਉਪਾਏ ॥ ਹਰਿ ਸਿਮਰਨਿ ਭਏ ਸਿਧ ਜਤੀ ਦਾਤੇ ॥ ਹਰਿ ਸਿਮਰਨਿ ਨੀਚ ਚਹੁ ਕੁੰਟ ਜਾਤੇ ॥ ਹਰਿ ਸਿਮਰਨਿ ਧਾਰੀ ਸਭ ਧਰਨਾ ॥ ਸਿਮਰਿ ਸਿਮਰਿ ਹਰਿ ਕਾਰਨ ਕਰਨਾ॥ ਹਰਿ ਸਿਮਰਨਿ ਕੀਓ ਸਗਲ ਅਕਾਰਾ॥ ਹਰਿ ਸਿਮਰਨ ਮਹਿ ਆਪਿ ਨਿਰੰਕਾਰਾ॥ਕਰਿ ਕਿਰਪਾ ਜਿਸੁ ਆਪਿ ਬੁਝਾਇਆ॥ ਨਾਨਕ ਗੁਰਮੁਖਿ ਹਰਿ ਸਿਮਰਨੁ ਤਿਨਿ ਪਾਇਆ ॥ ੮ ॥ ੧ ॥

ਵਿਧੀ—ਇਸ ਪਉੜੀ ਦਾ ੧੧੧ ਵੇਰਾਂ ਪਾਠ ਹਰ ਰੋਜ਼ ਨੇਮ ਨਾਲ ੪੦ ਦਿਨ ਕਰਨ ਨਾਲ ਬੁਧੀ ਨਿਰਮਲ ਤੇ ਪਵਿੱਤਰ ਹੋ ਜਾਂਦੀ ਹੈ। ਸਭ ਥਾਈਂ ਮਾਨ ਸਤਕਾਰ ਮਿਲਦਾ ਹੈ।

॥ ਸਮਾਪਤ ॥

ਛਾਪਕ—ਨਿਰਮਲ ਸਿੰਘ 'ਵਿਰਦੀ'
ਕ੍ਰਿਪਾਲਸ਼ਾ ਸਾਹਿਤ ਪ੍ਰਿੰਟਰਜ਼, ਗੋਬਿੰਦ ਨਗਰ, ਅੰਮ੍ਰਿਤਸਰ।

Digitized by Panjab Digital Library / www.panjabdigilib.org

# JAPJI SAHIB
## GURBANI VICHAR
## (Katha)

Giani Sant Singh ji Maskin






COMPLETE SET OF 20 CASSETTE TAPES


Amrit Vani
audio-visual studio
...hind Jeewan Tara Building Parliament Street New Delhi.
Phone: 322331, 324058

...ELECTRONICS
...wara Sri Sis Ganj Sahib
...owk

MAHARAJA LAL & SONS
Head Office
Opp. Gurdwara Sri Sis Ganj Sahib


Digitized by Panjab Digital Library | www.panjabdigilib.org